# ਅੰਮ੍ਰਿਤ ਕੀਰਤਨ

# Amrit Kirtan



ਅਗਸਤ 2004


ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 8 ◆ ਸਾਲ ਸੋਲਵਾਂ ◆ ਅਗਸਤ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਅਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਪੰਜਾਬ ਦੀ ਸੁਰਮਗਤੀ ਪਰੰਪਰਾ -ਵਾਰ ਗਾਇਨ<br>*ਪਰਮਜੀਤ ਕੌਰ* | 4 |
| ਕੀਰਤਨ ਸਮਰਾਟ ਭਾਈ ਸਮੁੰਦ ਸਿੰਘ ਜੀ<br>*ਪ੍ਰਿੰ. (ਰਿਟਾ) ਹਰੀ ਸਿੰਘ* | 8 |
| ਸਾਡੇ ਕੀਰਤਨੀਏ : ਭਾਈ ਬਲਜੀਤ ਸਿੰਘ<br>*ਡਾ. ਗੁਰਮੀਤ ਸਿੰਘ ਬੈਦਵਾਣ* | 11 |
| ਮਾਤਾ ਸੁਲੱਖਣੀ - ਉਦਾਸੀਆਂ ਦਾ ਬੂਹਾ<br>*ਮਨਮੋਹਨ ਸਿੰਘ ਦਾਊਂ* | 12 |
| ਸਮਾਚਾਰ | 15 |
| Flow and Pause in Gurbani & Kirtan<br>*Amardeep Singh* | 16 |
| ਸੁਰ ਲਿਪੀਆਂ<br>*ਭਾਈ ਕਸ਼ਮੀਰ ਸਿੰਘ* | 19 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ<br>*ਮਨਮੋਹਨ ਸਿੰਘ* | 20 |
| ਸੁਰ ਲਿਪੀਆਂ<br>*ਪ੍ਰੋ. ਹਰਮਿੰਦਰ ਕੌਰ* | 22 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਸੰਗੀਤ ਪ੍ਰਤੀ 'ਅੰਮ੍ਰਿਤ ਕੀਰਤਨ' ਮੈਗਜ਼ੀਨ ਇਕ ਖਾਸ ਮਹੱਤਵ ਰੱਖਦਾ ਹੈ। ਆਪ ਇਸ ਦੇ ਸੰਪਾਦਕ ਵਜੋਂ ਮੁਬਾਰਕਬਾਦ ਦੇ ਹੱਕਦਾਰ ਹੋ। ਮੇਰੀ ਅਰਦਾਸ ਹੈ ਕਿ ਆਪ ਹੋਰ ਵੀ ਚੜ੍ਹਦੀ ਕਲਾ ਵਿਚ ਇਸ ਦੀ ਸੰਪਾਦਕੀ ਦਾ ਫਰਜ਼ ਨਿਭਾਉਂਦੇ ਰਹੋ ਜੀ।

ਆਪ ਦੇ 'ਅੰਮ੍ਰਿਤ ਕੀਰਤਨ' ਵਿਚ ਦੋ ਕੁ ਲੇਖਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ 'ਘਰਾਂ' ਦਾ ਵੇਰਵਾ ਆਇਆ ਹੈ। ਇਕ ਤਾਂ ਗਿਆਨੀ ਦਿਆਲ ਸਿੰਘ ਜੀ ਦਾ ਹੈ ਤੇ ਦੂਸਰਾ ਕਿਸੇ ਹੋਰ ਦਾ। ਇਹਨਾਂ ਲੇਖਾਂ ਤੋਂ ਮਨ ਦੀ ਤਸੱਲੀ ਨਹੀਂ ਹੋ ਸਕੀ। ਗੁਰਮਤਿ ਸੰਗੀਤ ਦੇ ਵਿਦਵਾਨਾਂ ਨੂੰ ਚਾਹੀਦਾ ਹੈ ਕਿ 'ਅੰਮ੍ਰਿਤ ਕੀਰਤਨ' ਵਿਚ ਇਕ ਲੇਖ 'ਘਰਾਂ' ਪ੍ਰਤੀ ਦੇਣ ਜਿਸ ਰਾਹੀਂ ਹੇਠ ਲਿਖੀਆਂ ਲੋੜੀਂਦੀਆਂ ਜਾਣਕਾਰੀਆਂ ਮਿਲ ਸਕਣ।

1) ਕੀ 1-17 ਘਰ ਜੋ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ ਉਹ ਤਾਲ ਨਾਲ ਸੰਬੰਧਿਤ ਹਨ, ਜੇ ਹਨ, ਤਾਂ ਕਿਸ ਤਰ੍ਹਾਂ ਸਹੀ ਹਨ?

2) ਕੀ 1-17 ਘਰ ਵੱਖ ਵੱਖ ਤਾਲ ਨਾਲ ਸੰਬਧਿਤ ਹਨ ਤੇ ਉਹ ਕਿਹੜੀ ਕਿਹੜੀ ਤਾਲ ਨਾਲ।

3) ਕਿਹੜੀ ਪੁਸਤਕ ਵਿਚ ਇਹ ਸਾਰੇ 'ਘਰ' ਵਰਤੋਂ ਵਿਚ ਲਿਆ ਕੇ ਸਵਰਲਿਪੀ ਰਾਹੀਂ ਗੁਰਸ਼ਬਦ, ਰਾਗ ਤੇ ਘਰ ਸਪਸ਼ਟ ਕੀਤੇ ਮਿਲਦੇ ਹਨ।

4) ਕੀ ਹਰਿਮੰਦਰ ਦਰਬਾਰ ਸਾਹਿਬ ਵਿਚ ਸਾਰਿਆਂ ਘਰਾਂ ਜਾਂ ਤਾਲਾਂ ਰਾਹੀਂ ਕੀਰਤਨ ਹੁੰਦਾ ਹੈ?

5) ਕਿਸ ਵਿਦਿਆਲੇ ਵਿਖੇ ਗੁਰਬਾਣੀ ਸੰਗੀਤ ਇਸ ਤਰ੍ਹਾਂ ਦਾ ਸਖਾਇਆ ਜਾਂਦਾ ਹੈ ਜਿਸ ਵਿਚ 1-17 ਘਰਾਂ ਸਬੰਧੀ ਤਾਲਾਂ ਦਾ ਉਪਯੋਗ ਹੁੰਦਾ ਹੋਵੇ?

6) 1-17 ਘਰਾਂ ਦੀ ਵਰਤੋਂ ਜਾਂ ਸਿਖਾਉਣ ਵਾਲੇ ਉਸਤਾਦ/ਗੁਰਮੁਖਿ ਦਾ ਨਾਮ ਪਤਾ ਮਿਲ ਸਕਦਾ ਹੈ?

7) ਕਿਹੜੀ ਪੁਸਤਕ ਵਿਚ ਗੁਰਬਾਣੀ ਸ਼ਬਦ, ਰਾਗ, ਘਰ ਤੇ ਧੁਨਿ (ਜੋ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ/ਵਾਰਾਂ ਨੂੰ ਖਾਸ ਧੁਨਿ ਵਿਚ ਗਾਇਨ ਕਰਨ ਦਾ ਹੁਕਮ ਹਨ ਜਿੰਦਾਂ ਕਿ ਆਸਾ ਦੀ ਵਾਰ 'ਅਸਰਾਜ ਟੁੰਡੇ ਦੀ ਧੁਨਿ' ਦੀ ਇਕੱਠੀ ਸਪਸ਼ਟਤਾ ਮਿਲਦੀ ਹੋਵੇ?

♦ ਗੁਰੂ ਨਾਨਕ ਸਾਹਿਬ ਨੇ ਸ਼ਬਦ ਕੀਰਤਨ ਦਾ ਪ੍ਰਵਾਹ 'ਰਬਾਬ' ਸਾਜ਼ ਰਾਹੀਂ ਭਾਈ ਮਰਦਾਨਾ ਦੇ ਹਥੋਂ, ਕੀਤਾ। ਗੁਰੂ ਅਰਜਨ ਸਾਹਿਬ ਨੇ ਸਾਰੰਦਾ ਸਾਜ਼ ਅਪਣਾਇਆ ਤੇ ਆਪ ਵੀ ਇਸ ਰਾਹੀਂ ਕੀਰਤਨ ਕੀਤਾ ਦੱਸੀਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵਾਰਾਂ ਸਾਰੰਗੀ ਸਾਜ਼ ਨਾਲ ਗਾਈਆਂ ਜਾਂਦੀਆਂ ਸਨ। ਅਗਲੇ ਗੁਰੂਆਂ ਦੇ ਸਮੇਂ ਤਾਊਸ ਨੇ ਵੀ ਜਗ੍ਹਾ ਲੈ ਲਈ ਸੀ। ਪ੍ਰੰਤੂ ਹੁਣ ਤਾਂ ਕੇਵਲ ਹਾਰਮੋਨੀਅਮ ਜੋ ਸਭ ਤੋਂ ਸੌਖਾ ਸਾਜ਼ ਹੀ ਪ੍ਰਧਾਨ ਹੈ। ਰੇਡੀਓ ਸਟੇਸ਼ਨਾਂ 'ਤੇ ਵੀ ਇਸ ਦੀ ਵਰਤੋਂ ਮਿਲਦੀ ਹੈ। ਕਿਉਂਕਿ ਹੁਣ ਤਾਂ ਇਸ ਨੂੰ ਪੂਰੀ ਖੁੱਲ੍ਹ ਮਿਲ ਚੁੱਕੀ ਹੈ। ਤੰਤੀ ਸਾਜ਼ਾਂ ਵਿਚੋਂ ਜੋ ਅਵਾਜ਼ ਆਉਂਦੀ ਹੈ ਉਨ੍ਹਾਂ ਦੀ ਗੁੰਜਾਰ ਵਿਚ ਇਕ ਅਲੱਗ ਹੀ ਸਰੂਰ ਹੁੰਦਾ ਹੈ ਕਿਉਂਕਿ ਇਕ ਸਵਰ ਕੇਵਲ ਇਕ ਸਵਰ ਦਾ ਸਵਾਦ ਨਹੀਂ ਦਿੰਦਾ ਸਗੋਂ ਇਸ ਇਕ ਸਵਰ ਦੀ ਗੁੰਜਾਰ ਵਿਚ ਕਈ ਮਿੰਨੀ ਸਵੱਰਾਂ ਦਾ ਵੀ ਸੁਆਦ ਆਉਂਦਾ ਹੈ ਤੇ ਪੂਰਨ ਸਰੂਰ ਬਣਦਾ ਹੈ ਜੋ ਕਿ ਹਾਰਮੋਨੀਅਮ ਦੀਆਂ ਸਵਰਾਂ ਵਿਚ ਨਹੀਂ। ਉਨ੍ਹਾਂ ਸਵੱਰਾਂ ਵਿਚੋਂ ਨਾ ਉਹ ਸੁਆਦ ਆਉਂਦਾ ਹੈ ਤੇ ਗੁੰਜਾਰ ਨਹੀਂ ਬਣਦੀ। ਦਾਸ ਦੀ ਬੇਨਤੀ ਹੈ ਕਿ ਕੀਰਤਨੀਏ ਕਿਸੇ ਤੰਤੀ ਸਾਜ਼ ਰਾਹੀਂ ਕੀਰਤਨ ਕਰਨ ਦਾ ਉਪਰਾਲਾ ਕਰਨ।

ਹੇਠ ਲਿਖੇ ਅਨੁਸਾਰ ਜਾਣਕਾਰੀ ਵੀ ਪ੍ਰਕਾਸ਼ਿਤ ਕਰਨ ਦੀ ਖੇਚਲ ਕਰਨੀ।

1) ਰਬਾਬ, ਸਾਰੰਗੀ, ਸਾਰੰਦਾ, ਤਾਊਸ ਜੋ ਗੁਰੂਆਂ ਨੇ ਅਪਨਾਏ ਸਨ, ਪੰਜਾਬ/ਦਿੱਲੀ ਵਿਚ ਕੌਣ ਕੌਣ ਬਣਾਉਂਦਾ ਹੈ ਤੇ ਕਿਥੋਂ ਮਿਲ ਸਕਦੇ ਹਨ? ਦੁਕਾਨਦਾਰ ਤਾਂ ਮੁੰਬਈ ਜਾਂ ਕੋਲਕਾਤਾ ਤੋਂ ਮੰਗਵਾ ਕੇ ਹੀ ਦੇਣ ਵਿਚ ਰਾਜ਼ੀ ਹਨ। ਇਸ ਤਰ੍ਹਾਂ ਤਾਂ ਇਹਨਾਂ ਦੇ ਕਾਫੀ ਮਹਿੰਗੇ ਹੋਣ ਦੀ ਸੰਭਾਵਨਾ ਹੈ।

2) ਪੰਜਾਬ ਜਾਂ ਦਿੱਲੀ ਵਿਚ ਇਹਨਾਂ ਸਾਜ਼ਾਂ ਨੂੰ ਸਿਖਾਉਣ ਵਾਲੇ ਕਿਹੜੇ ਵਿਦਿਆਲੇ/ਉਸਤਾਦ ਹਨ ਤੇ ਕਿਸ ਨਗਰ ਵਿਚ ਇਹਨਾਂ ਦਾ ਵਾਸਾ ਹੈ? ਉਹ ਕਿਨੀ ਕੁ ਫੀਸ ਪ੍ਰਤੀ ਮਹੀਨਾ ਲੈਂਦੇ ਹਨ?

*- ਸੋਹਨ ਸਿੰਘ,*
*3027, ਸੈਕਟਰ 27-ਡੀ, ਚੰਡੀਗੜ੍ਹ*

## ਕਰਉ ਬੇਨੰਤੀਆ

### ਗੁਰਮਤਿ ਸੰਗੀਤ ਦਾ ਸਫਰ

ਪਿੱਛੇ ਜਿਹੇ ਖ਼ਬਰ ਪੜ੍ਹੀ ਕਿ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਦੀ ਐਮ. ਏ. ਦੀਆਂ ਰੈਗੂਲਰ ਕਲਾਸਾਂ ਸ਼ੁਰੂ ਹੋ ਰਹੀਆਂ ਹਨ। ਇਹ ਪੜ੍ਹ ਕੇ ਮਨ ਗਦ ਗਦ ਹੋ ਗਿਆ। ਪੰਜਾਬ ਦੇ ਅਨੇਕਾਂ ਗੁਰਮਤਿ ਸੰਗੀਤ ਪ੍ਰੇਮੀਆਂ ਦੀਆਂ ਇਛਾਵਾਂ ਅਤੇ ਜਤਨਾਂ ਨੂੰ ਫਲ ਲੱਗਿਆ ਹੈ। ਬਹੁਤ ਸਾਲ ਪਹਿਲਾਂ ਭਾਈ ਕਾਹਨ ਸਿੰਘ ਨਾਭਾ ਅਤੇ ਭਾਈ ਵੀਰ ਸਿੰਘ ਜਿਹੇ ਵਿਦਵਾਨਾਂ ਨੇ ਗੁਰਮਤਿ ਸੰਗੀਤ ਲਈ ਅਕਾਦਮਿਕ ਤੌਰ 'ਤੇ ਇਕ ਵੱਖਰੇ ਵਿਸ਼ੇ ਵਜੋਂ ਇਹ ਸੁਪਨਾ ਵੇਖਿਆ ਸੀ। ਇਸ ਸੁਪਨੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰਮਤਿ ਸੰਗੀਤ ਸਾਹਿਤ ਦੀ ਲੋੜ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ, ਗਿਆਨ ਸਿੰਘ ਐਬਟਾਬਾਦ ਰਾਹੀਂ 'ਗੁਰਬਾਣੀ ਸੰਗੀਤ' ਨਾਮਕ ਪੁਸਤਕਾਂ ਤਿਆਰ ਕੀਤੀਆਂ। ਚੀਫ ਖਾਲਸਾ ਦੀਵਾਨ ਵਲੋਂ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ', ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਡਾ. ਗੁਰਨਾਮ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ ਅਤੇ ਹੋਰ ਵਿਦਵਾਨਾਂ ਅਤੇ ਤਿਆਰ ਕੀਤੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਦਿੱਲੀ ਯੂਨੀਵਰਸਿਟੀ ਵਿਚ ਡਾ. ਅਜੀਤ ਸਿੰਘ ਪੈਂਤਲ ਅਤੇ ਪੰਜਾਬੀ ਯੂਨੀਵਰਸਿਟੀ ਵਿਖੇ ਇਹਨਾਂ ਸਤਰਾਂ ਦੇ ਲੇਖਕ ਨੇ ਪੀ ਐਚ ਡੀ ਲਈ ਥੀਸਿਸ ਲਿਖੇ। ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਇਹ ਪੱਤਰ ਵੀ ਲਗਾਤਾਰ ਗੁਰਮਤਿ ਸੰਗੀਤ ਦੀ ਗੁੰਜਾਰ ਛੇੜਦਾ ਰਿਹਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਗੁਰਮਤਿ ਸੰਗੀਤ ਗਿਆਰਵੀਂ ਬਾਰਵੀਂ ਸ਼੍ਰੇਣੀ ਲਈ ਸ਼ੁਰੂ ਕੀਤਾ ਗਿਆ। ਫਿਰ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਗੁਰਮਤਿ ਸੰਗੀਤ ਡਿਪਲੋਮੇ ਅਤੇ ਡਿਗਰੀ ਕਲਾਸਾਂ ਅਰੰਭੀਆਂ ਗਈਆਂ। ਹੁਣ ਐਮ. ਏ. ਪੱਧਰ ਤੇ ਗੁਰਮਤਿ ਸੰਗੀਤ ਸ਼ੁਰੂ ਕਰਕੇ ਅਸੀਂ ਆਪਣੇ ਮਹਾਨ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤਾਂ ਅਤੇ ਹੋਰ ਮਹਾਂਪੁਰਖਾਂ ਬਾਣੀ ਅਤੇ ਸੰਗੀਤ ਕਲਾ ਨੂੰ ਸ਼ਰਧਾਂਜਲੀ ਅਰਪਨ ਕਰਨ ਯੋਗ ਹੋ ਗਏ ਹਾਂ। ਧੰਨ ਸਨ ਉਹ ਮਹਾਂਪੁਰਖ, ਜਿਹੜੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੁਣ ਤਕ ਗੁਰਮਤਿ ਸੰਗੀਤ ਦੀ ਜੋਤ ਜਗਾਈ ਆ ਰਹੇ ਹਨ।

ਗੁਰਮਤਿ ਸੰਗੀਤ ਸਾਹਿਤ ਵਿਚ ਹੁਣ ਕਿਸੇ ਪ੍ਰਕਾਰ ਦੀ ਘਾਟ ਨਹੀਂ ਹੈ। ਸਿਧਾਂਤਕ ਪੱਖੋਂ ਅਤੇ ਕਿਰਿਆਤਮਕ ਪੱਖੋਂ ਭਰਪੂਰ ਸਾਹਿਤ ਉਪਲਬਧ ਹੈ। ਸੁਧਾਰ ਦੀ ਗੁੰਜਾਇਸ਼ ਤਾਂ ਹਮੇਸ਼ਾ ਰਹਿੰਦੀ ਹੈ। ਸਾਨੂੰ ਆਸ ਹੈ ਕਿ ਆਉਣ ਵਾਲੇ ਗੁਰਮਤਿ ਸੰਗੀਤ ਦੇ ਵਿਦਿਆਰਥੀ ਆਪਣੀਆਂ ਖੋਜਾਂ ਨਾਲ ਹੋਰ ਵੀ ਉਚ ਪਾਏ ਦਾ ਸਾਹਿਤ ਰਚਣਗੇ।

ਗੁਰਮਤਿ ਸੰਗੀਤ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਜਗਿਆਸੂਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ 'ਅੰਮ੍ਰਿਤ ਕੀਰਤਨ' ਵਲੋਂ ਹਮੇਸ਼ਾ ਜਤਨ ਕੀਤੇ ਜਾਂਦੇ ਰਹਿਣਗੇ।

ਅੰਤ ਵਿਚ ਮੈਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰ. ਸਵਰਨ ਸਿੰਘ ਬੋਪਾਰਾਏ ਦਾ ਧੰਨਵਾਦ ਕਰਦਾ ਹੋਇਆ ਉਨ੍ਹਾਂ ਨੂੰ ਇਸ ਮਹਾਨ ਪ੍ਰਾਪਤੀ ਲਈ ਵਧਾਈ ਦਿੰਦਾ ਹਾਂ।

# ਪੰਜਾਬ ਦੀ ਸੂਰਮਗਤੀ ਪਰੰਪਰਾ -ਵਾਰ ਗਾਇਨ

ਪਰਮਜੀਤ ਕੌਰ : 6003/3, ਗੋਬਿੰਦ ਨਗਰ, ਸ਼ੇਰਾਂ ਵਾਲਾ ਗੇਟ, ਪਟਿਆਲਾ

ਵਾਰ-ਕਾਵਿ ਕਿਸੇ ਯੋਧਾ ਦੀ ਪ੍ਰਸ਼ੰਸ਼ਾ ਵਿਚ ਗਾਇਆ ਜਾਂਦਾ ਹੈ। ਪੰਜਾਬ ਭਾਰਤ ਦੇ ਉੱਤਰ-ਪੱਛਮ ਵਿਚ ਪਹਿਲਾ ਪ੍ਰਦੇਸ਼ ਹੈ ਜਿਸਨੂੰ ਆਪਣੀ ਸਵਤੰਤਰਤਾ ਬਣਾਈ ਰੱਖਣ ਲਈ ਪ੍ਰਾਚੀਨ ਕਾਲ ਤੋਂ ਹੀ ਬਾਹਰੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਫਿਰ ਚਾਹੇ ਸਿਕੰਦਰ, ਨਾਦਰਸ਼ਾਹ ਜਾਂ ਅਹਿਮਦ ਸ਼ਾਹ ਅਬਦਾਲੀ ਹੋਵੇ, ਸਭ ਨਾਲ ਡਟ ਕੇ ਮੁਕਾਬਲਾ ਕੀਤਾ ਗਿਆ ਅਤੇ ਉਹਨਾਂ ਦੁਆਰਾ ਲੁੱਟਿਆ ਮਾਲ ਬਹੁਤ ਹੱਦ ਤੱਕ ਇੱਥੇ ਦੇ ਲੋਕਾਂ ਨੇ ਵਾਪਸ ਲੈ ਲਿਆ। ਇਸ ਵੀਰਤਾ ਨੂੰ ਦੇਖਦਿਆਂ ਹੋਇਆ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਦੀ ਵੀਰ ਧਾਰਾ ਆਰੰਭ ਤੋਂ ਹੀ ਬਲਵਾਨ, ਸ਼ਕਤੀਸ਼ਾਲੀ ਅਤੇ ਆਤਮਵਿਸ਼ਵਾਸੀ ਹੈ। ਇਨ੍ਹਾਂ ਗੁਣਾਂ ਨੂੰ ਪੂਰਾ ਕਰਨ ਲਈ ਸਾਹਿਤਕ ਅਤੇ ਸੰਗੀਤ ਦੀ ਮਿਲੀ-ਜੁਲੀ ਵਿਧਾ ਨਾਲ 'ਵਾਰ-ਗਾਇਨ' ਦਾ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਬਹੁਤ ਵੱਡਾ ਯੋਗਦਾਨ ਹੈ।

ਪੰਜਾਬੀ ਭਾਸ਼ਾ ਵਿਚ 'ਵਾਰ' ਸ਼ਬਦ ਅਨੇਕਾਂ ਅਰਥਾਂ ਵਿਚ ਆਇਆ ਹੈ- ਜੰਗ ਵਿਚ ਘੇਰਾ ਬਨਾਉਣਾ, ਰੋਕ ਪਾਉਣਾ, ਬਦਲਾ ਲੈਣਾ, ਧਾਵਾ ਬੋਲਣਾ, ਕੁਰਬਾਨ ਕਰਨਾ, ਨਿਛਾਵਰ ਕਰਨਾ ਆਦਿ। ਪਰ ਸਾਹਿਤ ਵਿਚ ਇਸਦੇ ਉੱਘੇ ਅਰਥ "ਯੋਧਿਆਂ ਤੇ ਸੂਰਮਿਆਂ ਦੇ ਕਾਰਨਾਮਿਆਂ ਨੂੰ ਬਿਆਨ ਕਰ ਰਹੀ ਬੀਰ ਰਸ ਭਰੀ, ਕਰਤਾਰ ਦੀ ਮਹਿਮਾ ਭਰੀ ਜਾਂ ਮਨ ਦੀਆਂ ਬੁਰਿਆਈਆਂ ਕੱਟਣ ਵਾਲੀ ਕਵਿਤਾ ਹਨ।"1 ਪਰ ਇਹ ਪਰਿਭਾਸ਼ਾ ਅਪੂਰਨ ਪ੍ਰਤੀਤ ਹੁੰਦੀ ਹੈ ਕਿਉਂਕਿ ਐਸੀ ਵੀਰ-ਰਸ ਕਵਿਤਾ ਜਿਸਨੂੰ ਗਾਇਆ ਨਹੀ ਜਾ ਸਕਦਾ, ਉਸਨੂੰ ਜੰਗਨਾਮਾ ਕਹਿੰਦੇ ਹਨ। ਇਸ ਲਈ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਵਾਰ ਇਕ ਗੇਯ ਰਚਨਾ ਹੈ। ਵਾਰ ਜੰਗ ਵਿਚ ਨਾਇਕ ਦੇ ਚਰਿੱਤਰ ਅਤੇ ਉਸ ਥਾਂ ਤੇ ਘਟਣ ਵਾਲੀਆਂ ਘਟਨਾਵਾਂ ਦਾ ਵਿਸਥਾਰ ਪੂਰਵਕ ਵਰਨਣ ਹੁੰਦਾ ਹੈ।

ਵਾਰ ਵਿਚ ਜਿਆਦਾਤਰ ਦੋ ਸੂਰਵੀਰਾਂ ਦੇ ਯੁੱਧ ਦਾ ਵਰਨਣ ਜਾਂ ਯੋਧਿਆਂ ਦੀ ਵੀਰਤਾ ਦਾ ਗੁਣਗਾਨ ਕੀਤਾ ਜਾਂਦਾ ਹੈ। ਰਾਜ-ਦਰਬਾਰਾਂ ਵਿਚ ਵਾਰ ਗਾਇਨ ਕਰਨ ਵਾਲਿਆਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੁੰਦੀ ਸੀ- ਭੱਟ, ਮਿਰਾਸੀ, ਢਾਡੀ, ਡੂਮ, ਚਾਰਣ ਆਦਿ। ਸਮਾਜ ਵਿਚ ਇਹ ਨਿਮਨ ਸ਼੍ਰੇਣੀ ਨਾਲ ਸਬੰਧ ਰੱਖਦੇ ਸਨ। ਰਾਜਿਆਂ, ਮਹਾਰਾਜਿਆਂ, ਸਰਦਾਰਾਂ, ਨਵਾਬਾਂ ਆਦਿ ਲਈ ਵਾਰ ਗਾਇਨ ਕਰਨ ਵਾਲੇ ਭਿੰਨ-ਭਿੰਨ ਖਾਨਦਾਨੀ ਮਿਰਾਸੀ ਹੁੰਦੇ ਸਨ। ਇਹਨਾਂ ਦੀਆਂ ਵਾਰਾਂ ਵਿਚ ਇਤਿਹਾਸ ਦੇ ਬੀਤੇ ਸਾਕੇ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ। ਇਹ ਵਾਰਾਂ ਕਿਸੇ ਦੀ ਕੋਰੀ ਪ੍ਰਸ਼ੰਸ਼ਾ ਅਤੇ ਚਾਪਲੂਸੀ ਉੱਤੇ ਅਧਾਰਿਤ ਨਹੀਂ ਸੀ ਹੁੰਦੀਆਂ, ਇਸੇ ਲਈ ਵਾਰਾਂ ਦਾ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਹੈ।

**ਉਤਪੱਤੀ ਅਤੇ ਵਿਕਾਸ :** ਪੰਜਾਬੀ ਲੋਕ ਸਭਿਆਚਾਰ ਵਿਚ ਵਾਰ ਦਾ ਜਨਮ ਕਦੋਂ ਹੋਇਆ, ਨਿਸ਼ਚਿਤ ਰੂਪ ਵਿਚ ਕਹਿਣਾ ਕਠਿਨ ਹੈ। ਮੁਹੰਮਦ ਆਸਫ ਖਾਨ ਦੇ ਅਨੁਸਾਰ, "ਵਾਰ ਦਾ ਜਨਮ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਦਾ ਹੈ।"1 ਇਕ ਹੋਰ ਵਿਦਵਾਨ ਦੇ ਅਨੁਸਾਰ, "ਇਹ ਗਾਇਨ ਵਿਧਾ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਤੋਂ ਪਹਿਲਾਂ ਸੀ।"2 ਇਸ ਦਾ ਪ੍ਰਮਾਣ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਯੋਗ ਕੀਤੀਆਂ ਧੁਨਾਂ ਹਨ ਜੋ ਕਿ ਉਹਨਾਂ ਤੋਂ ਪਹਿਲੇ ਦੇ ਯੋਧਿਆਂ ਦੀ ਸੂਰਵੀਰਤਾ ਲਈ ਗਾਈ ਜਾਣ ਵਾਲੀਆਂ ਵਾਰਾਂ ਤੇ ਅਧਾਰਿਤ ਸਨ। ਮਲਕ ਮੁਰੀਦ ਅਤੇ ਚੰਦਰਹੜਾ ਸੋਹੀਆ ਦੀ ਧੁਨਿ ਗਾਵਣਾ, ਟੁੰਡੇ ਅਸਰਾਜੇ ਦੀ ਧੁਨਿ ਅਤੇ ਰਾਣੇ ਕੈਲਾਸ ਤੇ ਮਾਲਦੇ ਦੀ ਧੁਨਿ- ਇਹ ਤਿੰਨੋਂ ਵਾਰਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਧਿਆਤਮਕ ਬਾਣੀ ਵਿਚ ਸ਼ਾਮਲ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਸ਼ਾਮਲ ਹੈ।

ਪੰਜਾਬ ਵਿਚ ਵਾਰ ਦੇ ਆਗਮਨ ਬਾਰੇ ਇਕ ਵਿਦਵਾਨ ਦਾ ਕਹਿਣਾ ਹੈ ਕਿ "ਮਰਾਠੀ ਬੋਲੀ ਵਿਚ ਇਕ ਪ੍ਰਕਾਰ ਦੇ ਜੰਗੀ ਗੀਤਾਂ ਦਾ ਨਾਮ 'ਪਵਾੜੇ' ਪ੍ਰਸਿੱਧ ਹੈ। ਮੈਂ ਸਮਝਦਾ ਹਾਂ ਕਿ ਇਹੋ ਮਰਾਠੀ 'ਪਵਾੜੇ' ਰਾਜਸਥਾਨ ਦੇ ਚਾਰਣਾ ਰਾਹੀਂ ਧੀਰੇ-ਧੀਰੇ ਪਉੜੀਆਂ ਦੇ ਰੂਪ ਵਿਚ ਬਦਲ ਕੇ ਪੰਜਾਬ ਵਿਚ ਪਹੁੰਚ ਗਏ ਤੇ ਪੰਜਾਬੀ ਵਾਰਾਂ ਦਾ ਅੰਗ ਬਣ ਗਏ।"1 ਅੱਜ ਵੀ ਚਾਰਣਾਂ ਦੁਆਰਾ ਗਾਏ ਜਾਣ ਵਾਲਾ 'ਪ੍ਰਿਥਵੀ ਰਾਜ ਰਾਸੋ' ਅਤੇ ਯੋਧਿਆਂ ਉੱਤੇ ਗਾਈ ਜਾਣ ਵਾਲੀ ਵਾਰਾਂ ਵਿਚ ਬਹੁਤ ਸਮਾਨਤਾ ਹੈ,

ਜੋ ਕਿ ਇਸ ਮਤ ਨੂੰ ਸਹੀ ਸਾਬਿਤ ਕਰਦੇ ਹਨ।

ਪ੍ਰਾਰੰਭ ਵਿਚ ਵਾਰਾਂ ਯੁੱਧ ਜਾਂ ਨਾਇਕ ਦੇ ਉੱਚ ਆਚਰਣ ਸਬੰਧੀ ਲਿਖੀਆਂ ਅਤੇ ਗਾਈਆਂ ਜਾਂਦੀਆਂ ਸਨ। ਕਾਲਕ੍ਰਮ ਅਨੁਸਾਰ ਇਸਦਾ ਵਿਸ਼ੇ ਪੱਖੋਂ ਵਿਕਾਸ ਹੋਇਆ ਜਿਸ ਨਾਲ ਅਧਿਆਤਮਿਕ ਅਤੇ ਸ਼ਿੰਗਾਰ ਰਸੀ ਵਾਰਾਂ ਸਿਰਜਣ ਦੀ ਪ੍ਰਥਾ ਵੀ ਚੱਲ ਪਈ। ਵਾਰਾਂ ਦਾ ਵਰਗੀਕਰਣ ਨਿਮਨ ਲਿਖਤ ਢੰਗ ਨਾਲ ਕੀਤਾ ਜਾ ਸਕਦਾ ਹੈ:-

1. ਵੀਰ ਰਸੀ ਵਾਰਾਂ
2. ਅਧਿਆਤਮਿਕ ਤੇ ਧਾਰਮਿਕ ਵਾਰਾਂ
3. ਸ਼ਿੰਗਾਰ ਰਸੀ ਵਾਰਾਂ

**ਵੀਰ ਰਸੀ ਵਾਰਾਂ :** ਵੀਰ ਰਸ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਵਿਚ ਚੰਡੀ ਦੀ ਵਾਰ- ਗੁਰੂ ਗੋਬਿੰਦ ਸਿੰਘ, ਆਨੰਦਪੁਰ ਕੀ ਵਾਰ- ਕਰਮ ਸਿੰਘ, ਵਾਰ- ਸਰਦਾਰ ਹਰੀ ਸਿੰਘ, ਕਾਦਰਯਾਰ ਅਤੇ ਚੱਠਿਆਂ ਦੀ ਵਾਰ- ਪੀਰ ਮੁਹੰਮਦ ਦੇ ਨਾਂ ਪ੍ਰਮੁੱਖ ਹਨ। ਯੁੱਧ ਤੇ ਆਧਾਰਿਤ ਵੀਰ ਰਸ ਵਾਰਾਂ ਵਿਚ ਨਾਇਕ ਦੇ ਕਾਰਨਾਮਿਆਂ ਦਾ ਵਿਸਤਾਰ ਪੂਰਵਕ ਵਰਨਣ ਹੁੰਦਾ ਹੈ। ਵਿਰੋਧੀ ਪੱਖ ਦੀ ਸ਼ਕਤੀ ਅਤੇ ਉਹਨਾਂ ਦੁਆਰਾ ਅਪਨਾਏ ਪੈਂਤੜਿਆਂ ਦੀ ਚਰਚਾ ਵੀ ਇਸ ਤਰ੍ਹਾਂ ਦੀਆਂ ਵਾਰਾਂ ਵਿਚ ਜ਼ਰੂਰੀ ਹੁੰਦੀ ਹੈ। ਨਾਇਕ ਦੇ ਕਾਰਨਾਮਿਆਂ ਦੀ ਸ਼ਕਤੀ ਵਧਾਉਣ ਲਈ ਵਾਰਾਂ ਨੂੰ ਯੋਗ ਉਪਮਾਵਾਂ ਨਾਲ ਸਵਾਰਿਆ ਜਾਂਦਾ ਹੈ। ਚੱਠਿਆਂ ਦੀ ਵਾਰ ਵਿਚ ਮਹਾਂ ਸਿੰਘ ਦੀ ਫ਼ੌਜ ਦੀ ਚੜ੍ਹਾਈ ਦਾ ਨਜ਼ਾਰਾ ਦੇਖਦਿਆਂ ਹੀ ਬਣਦਾ ਹੈ-

*ਤੇ ਲਸ਼ਕਰ ਮਹਾਂ ਸਿੰਘ ਦਾ ਜਿਉ ਸਾਵਨ ਹਾਠਾਂ।*
*ਤੇ ਲੜੀਆਂ ਫ਼ੌਜਾਂ ਜੋੜ ਕੇ, ਦਰਿਆਈ ਠਾਠਾਂ।....*

ਪ੍ਰੰਤੂ ਬਲਵਾਨ ਵਿਰੋਧੀ ਪੱਖ ਨੂੰ ਖਲਨਾਇਕ ਵਾਂਗ ਨਹੀਂ ਬਲਕਿ ਇਕ ਪ੍ਰਤੀਦਵੰਦੀ ਦੇ ਰੂਪ ਵਿਚ ਉਭਾਰਿਆ ਜਾਂਦਾ ਹੈ। ਇਸ ਵਾਰ ਦੇ ਕੁਝ ਅੰਸ਼ -

*ਤੇ ਗੱਜਨ ਮਹਾਂ ਸਿੰਘ ਦੇ ਮੈਦਾਨੀ ਘੋੜੇ।*
*ਤੇ ਜੇਹਾ ਕੋਈ ਨਾ ਜੰਮਿਆ, ਮੂੰਹ ਉਸ ਦਾ ਮੋੜੇ।*
*ਪਰ ਧੰਨ ਚੱਠਾ ਜੰਮਨ ਹਾਰੀਏ, ਮਾਂ ਜਮਸੀ ਥੋੜੇ॥*

ਪੀਰ ਮੁਹੰਮਦ ਨੇ 'ਚੱਠਿਆਂ ਦੀ ਵਾਰ' ਵਿਚ ਨੀਤੀਵਾਨ ਉਪਦੇਸ਼ ਨਾਲ ਇਸ ਵਾਰ ਨੂੰ ਮਨੋਰੰਜਨ ਬਣਾਇਆ ਹੈ-

*ਜੱਟ ਫੱਟ ਬਿਨ ਬੱਧਿਆ, ਨਾ ਆਵੇ ਰਾਸੇ।*
*ਪਾਟਾ ਰਾਸ ਨਾ ਆਂਵਦਾ, ਸੌ ਰਫੂ ਕਰਾਈਏ।*
*ਔਰਤ ਚੰਗੀ ਵੇਖ ਕੇ, ਨਾ ਬਹੁਤ ਸਲਾਹੀਏ।*

**ਅਧਿਆਤਮਿਕ ਤੇ ਧਾਰਮਿਕ ਵਾਰਾਂ :** ਇਹਨਾਂ ਵਾਰਾਂ ਵਿਚ ਚੰਗਿਆਈ ਨੂੰ ਨਾਇਕ ਦੇ ਰੂਪ ਵਿਚ ਅਤੇ ਬੁਰਾਈ ਨੂੰ ਖਲਨਾਇਕ ਦੇ ਰੂਪ ਵਿਚ ਸਾਹਮਣੇ ਲਿਆਇਆ ਜਾਂਦਾ ਹੈ। ਇਹ ਮਨੁੱਖੀ ਮਨ ਦੇ ਅੰਦਰ ਮਚੇ ਘਮਸਾਨ ਨੂੰ ਪ੍ਰਗਟ ਕਰਦੀਆਂ ਹਨ। ਕੁਝ ਵਾਰਾਂ ਵਿਚ ਰੱਬ ਨੂੰ ਨਾਇਕ ਦੇ ਰੂਪ ਵਿਚ ਅਤੇ ਉਹ ਤੱਤ ਜੋ ਕਿ ਮਨੁੱਖੀ ਮਨ ਤੇ ਪ੍ਰਮਾਤਮਾ ਦੇ ਮਿਲਣ ਵਿਚ ਰੁਕਾਵਟ ਪੈਦਾ ਕਰਦੇ ਹਨ, ਨੂੰ ਖਲਨਾਇਕ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 17 ਰਾਗਾਂ ਦੇ ਅਧੀਨ 22 ਵਾਰਾਂ ਦਰਜ ਹਨ ਅਤੇ ਭਾਈ ਗੁਰਦਾਸ ਦੀਆਂ 39 ਵਾਰਾਂ ਇਸ ਸ਼੍ਰੇਣੀ ਦੀਆਂ ਉੱਤਮ ਵਾਰਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਰਾਗ ਦੇ ਨਾਲ ਧੁਨਿ ਉੱਤੇ ਅਧਾਰਿਤ ਗਾਇਨ ਦਾ ਆਦੇਸ਼ ਹੈ। ਉਦਾਹਰਣ ਦੇ ਲਈ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਦੇ ਨਾਲ ਧੁਨਿ ਸਿਰਲੇਖ ਇਸ ਪ੍ਰਕਾਰ ਹੈ।

"ਆਸਾ ਮਹਲਾ ੧

ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੇ ਕੀ ਧੁਨੀ"1

ਭਾਈ ਗੁਰਦਾਸ ਦੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਕ ਵਿਦਵਾਨ ਦੇ ਅਨੁਸਾਰ, "ਧੁਨੀਆਂ ਵਾਲੀਆਂ ਵਾਰਾਂ ਵਸਤੂਨਿਸ਼ਠ, ਆਦਿ ਗ੍ਰੰਥ ਦੀਆਂ 22 ਵਾਰਾਂ ਆਦਰਸ਼ਨਿਸ਼ਠ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਸਿਧਾਂਤਨਿਸ਼ਠ ਹਨ।"2

ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਇਸ ਪਰੰਪਰਾ ਨੂੰ ਪ੍ਰਮੁਖਤਾ ਪ੍ਰਦਾਨ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰਾਂ ਦਾ ਪ੍ਰਯੋਗ ਜੀਵਨ ਵਿਚ ਵਿਭਿੰਨ ਪੱਖਾਂ ਤੋਂ ਜਾਣੂ ਕਰਵਾਉਣਾ ਹੈ। ਪੇਸ਼ ਕੀਤੀ ਗਈ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਹਾਕਮ ਵਿਰੋਧੀ ਸਤਰ ਇਸ ਤਰ੍ਹਾਂ ਪ੍ਰਗਟ ਕੀਤੇ ਗਏ ਹਨ।

*ਰਾਜੇ ਸੀਂਹ ਮੁਕਦਮ ਕੁਤੇ,*
*ਜਾਇ ਜਗਾਇਨ ਬੈਠੇ ਸੁਤੇ॥3*

ਭਾਵ ਰਾਜਾ ਸ਼ੇਰ ਦੀ ਤਰ੍ਹਾਂ ਨਿਰਦਈ ਹੈ ਅਤੇ ਉਸਦੇ ਸਿਪਾਹੀ ਕੁੱਤਿਆਂ ਦੇ ਸਮਾਨ ਹਨ, ਜੋ ਆਮ ਜਨਤਾ ਨੂੰ ਸਮੇ ਸਮੇ ਤੇ ਪ੍ਰੇਸ਼ਾਨ ਕਰਦੇ ਹਨ।

**ਸ਼ਿੰਗਾਰ ਰਸੀ ਵਾਰਾਂ :** ਸ਼ਿੰਗਾਰ ਰਸ ਦੀਆਂ ਵਾਰਾਂ ਵਿਚ ਰਾਣੀ ਕੋਕਲਾਂ ਕਾਦਰਯਾਰ, ਪ੍ਰੇਮ ਦੀ ਵਾਰ- ਸੌਧਾਂ, ਪੂਰਨ ਭਗਤ ਦੀ ਵਾਰ- ਕਾਦਰਯਾਰ ਆਦਿ ਪ੍ਰਸਿੱਧ ਵਾਰਾਂ

ਹਨ। ਕਾਦਰਯਾਰ ਦੁਆਰਾ ਲਿਖੀ ਪੂਰਨ ਭਗਤ ਦੀ ਵਾਰ ਪੰਜਾਬ ਵਿਚ ਘਰ ਘਰ ਗਾਈ ਜਾਂਦੀ ਹੈ। ਇਸ ਦਾ ਸਬੂਤ ਕਾਦਰਯਾਰ ਨੇ ਖੁਦ ਦਿੱਤਾ ਹੈ-

*ਇਹ ਕਿੱਸਾ ਪੂਰਨ ਭਗਤ ਦਾ, ਕੀਤਾ ਕਾਦਰਯਾਰ।*
*ਕਈ ਪੜਦੇ ਬੈਂਤਾ ਕਈ ਗਾਵੇ ਢੱਡਾਂ ਸਾਰੰਗੀਆਂ ਨਾਲ।*

ਸਾਹਿਤਕ ਪੱਖ- ਭਾਈ ਕਾਹਨ ਸਿੰਘ ਦੇ ਅਨੁਸਾਰ, "ਵਾਰ ਸ਼ਬਦ ਦਾ ਅਰਥ ਪਉੜੀ (ਨਿ. ਸ਼੍ਰੇਣੀ) ਛੰਦ ਵੀ ਹੋ ਗਿਆ ਹੈ ਕਿਉਂਕਿ ਯੋਧਿਆਂ ਦੀ ਸੂਰਵੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਹੱਦ ਤੱਕ ਇਸੇ ਛੰਦ ਵਿਚ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਆਸਾ ਦੀ ਵਾਰ" ਦੇ ਮੂਲ ਪਾਠ 'ਵਾਰ ਸਲੋਕਾਂ ਨਾਲ' ਵਿਚ ਵਾਰ ਦੀ ਪਉੜੀ ਦੇ ਅਰਥ ਵਿਚ ਲਿਆ ਗਿਆ ਹੈ।"[1]

ਇਸੇ ਪ੍ਰਕਾਰ "ਗੁਰੂ ਗੋਬਿੰਦ ਸਿੰਘ 'ਚੰਡੀ ਦੀ ਵਾਰ' ਨੂੰ ਸਮਾਪਤ ਕਰਦੇ ਲਿਖਦੇ ਹਨ-

*ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।*

ਯਸ਼ੋਧਾ ਨੰਦਨ ਦੀ ਵਾਰ 'ਲਉ ਕੁਸ਼ੂ ਦੀ ਵਾਰ' ਦੇ ਅੰਤ ਉੱਤੇ 'ਲਉ ਕੁਸ਼ੂ ਦੀਆਂ ਪਉੜੀਆਂ ਲਿਖਿਆ ਹੈ।"[2]

ਜੇਕਰ ਕਿਸੇ ਵੀਰ ਰਸ ਪ੍ਰਧਾਨ ਪੰਜਾਬੀ ਰਚਨਾ ਵਿਚ ਪਉੜੀ ਛੰਦ ਨਹੀਂ ਹੈ, ਉਸਨੂੰ ਗਾਇਆ ਨਹੀਂ ਜਾ ਸਕਦਾ ਅਤੇ ਉਸ ਵਾਰ ਨੂੰ ਨਾਮ ਵੀ ਨਹੀਂ ਦਿੱਤਾ ਜਾ ਸਕਦਾ। ਇਸ ਛੰਦ ਦੀ ਵਿਸ਼ੇਸ਼ਤਾ ਦੱਸਦੇ ਹੋਏ ਇਕ ਵਿਦਵਾਨ ਲਿਖਦੇ ਹਨ, "ਪਉੜੀ ਛੰਦ ਵਿਚ ਬਹੁਤ ਲਚਕ ਹੈ ਫੁਰਤੀ ਹੈ ਜੋ ਯੁੱਧ ਦੀ ਵਾਰਤਾ ਲਈ ਬਹੁਤ ਅਨੁਕੂਲ ਹੈ। ਇਕ ਸਿਫਤ ਪਉੜੀ ਛੰਦ ਦੀ ਇਹ ਵੀ ਹੈ ਕਿ ਇਸ ਦਾ ਬਹਿਰ ਛੋਟਾ ਵੀ ਹੋ ਸਕਦਾ ਹੈ ਅਤੇ ਵੱਡਾ ਵੀ। ਇਸ ਦੀਆਂ 21-22 ਮਾਤਰਾਂ ਵੀ ਹਨ ਅਤੇ 40-42 ਮਾਤਰਾਂ ਵੀ।"[3] ਪਉੜੀ ਵਿਚ ਪੰਗਤੀਆਂ ਦੀ ਸੰਖਿਆ ਅਤੇ ਵਾਰ ਵਿਚ ਪਉੜੀਆਂ ਦੀ ਸੰਖਿਆ ਨਿਸ਼ਚਿਤ ਨਹੀਂ ਹੁੰਦੀ। ਪਉੜੀ ਛੰਦ ਵਿਚ ਇੰਨੀ ਸੁਤੰਤਰਤਾ ਦਾ ਪਰਿਣਾਮ ਹੀ ਹੈ ਕਿ ਵਾਰ ਰਚਣ ਵਾਲੇ ਭੱਟ, ਸ਼ਾਇਰ, ਕਵੀ ਆਦਿ ਜਿਆਦਾ ਪੜ੍ਹੇ-ਲਿਖੇ ਨਾ ਹੋਣ ਕਰਕੇ ਵੀ ਵਾਰ ਰਚਣ ਵਿਚ ਸਫਲ ਹੋ ਸਕੇ ਹਨ। ਸਿੱਖ ਗੁਰੂਆਂ ਦੇ ਸਮੇਂ ਵਿਚ ਵਾਰਾਂ ਵਿਚ ਸਲੋਕ ਦਾ ਪ੍ਰਯੋਗ ਹੋਇਆ। ਦੋਹੇ ਦਾ ਪ੍ਰਯੋਗ ਵੀ ਹੁਣ ਆਮ ਦੇਖਣ ਨੂੰ ਮਿਲਦਾ ਹੈ। ਨਿਮਨਲਿਖਤ ਦੋਹੇ ਵਿਚ ਨਾਇਕ ਦੀ ਪ੍ਰਸ਼ੰਸਾ ਵਾਰ ਨੂੰ ਰੌਚਕ ਬਣਾਉਂਦੀ ਹੈ-

*ਹਰੀ ਸਿੰਘ ਮੁੱਖ ਨਾਮ ਕਹਿ ਜੋ ਵਧਿ ਤਲਵਾਰ*
*ਤਿੰਨ ਲੋਕ ਜੀਵਤ ਫਿਰੈ ਕੋਉ ਨ ਸਕਹੈ ਵਾਰ॥*

ਵਾਰ ਵਿਚ ਯੁੱਧ ਦਾ ਵਾਤਾਵਰਣ ਤਿਆਰ ਕਰਨ ਵਿਚ ਛੰਦ ਵਿਚ ਟ, ਠ, ਡ, ਢ, ਣ, ੜ ਆਦਿ ਅੱਖਰਾਂ ਦੀ ਬਹੁਲਤਾ, ਨਾਟਕੀਅਤਾ ਅਤੇ ਯੁੱਧ ਨਾਲ ਸਬੰਧਿਤ ਵਿਵਰਣ ਜ਼ਰੂਰੀ ਹੈ। ਡਾ. ਹਰਭਜਨ ਸਿੰਘ ਦੇ ਅਨੁਸਾਰ, "ਨਾਇਕ ਦੁਆਰਾ ਲੋਕ ਕਲਿਆਣ ਦੇ ਲਈ ਕੀਤੇ ਗਏ ਯੁੱਧ ਦਾ ਨਾਟਕੀ ਸ਼ੈਲੀ ਵਿਚ ਵਿਸਤਾਰਪੂਰਵਕ ਵਰਨਣ ਹੁੰਦਾ ਹੈ।"[1]

ਵਾਰ ਦਾ ਉਦੇਸ਼ ਮਨੋਰੰਜਨ ਦੇ ਨਾਲ ਨਾਲ ਜੋਸ਼, ਉਤਸ਼ਾਹ, ਪ੍ਰੇਰਨਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨਾ ਅਤੇ ਇਹਨਾਂ ਦਾ ਪ੍ਰਚਾਰ ਕਰਨਾ ਹੋਣਾ ਚਾਹੀਦਾ ਹੈ। ਵਾਰ ਗਾਇਨ ਕੇਵਲ ਨਾਇਕ ਦੀ ਕੋਰੀ ਪ੍ਰਸ਼ੰਸਾ ਦੇ ਨਾਲ ਪੂਰਨ ਨਹੀਂ ਹੋ ਸਕਦਾ।

ਵਾਰ ਗਾਇਨ : ਪੰਜਾਬ ਲੋਕ ਗਾਇਨ ਵਿਚ 'ਵਾਰ' ਇਕ ਅਗਾਂਹਵਧੂ ਵਿਧਾ ਹੈ। ਇਸਦੇ ਗਾਇਨ ਵਿਚ ਜਿਆਦਾਤਰ ਤਿੰਨ ਆਦਮੀਆਂ ਦੀ ਟੋਲੀ ਵਿਚੋਂ ਇਕ ਮੁਖੀਆ ਅਤੇ ਦੋ ਸਜਿੰਦੇ ਹੁੰਦੇ ਹਨ। ਮੁਖੀਆ ਉੱਚੇ ਸਵਰ ਵਿਚ ਗਾਇਨ ਕਰਦਾ ਹੈ ਅਤੇ ਉਸਦਾ ਸਾਥੀ ਇਕ ਢੱਡ ਤੇ, ਦੂਸਰਾ ਸਾਰੰਗੀ ਤੇ ਉਸਦਾ ਸਾਥ ਦਿੰਦੇ ਹਨ। ਅਨੁਮਾਨ ਹੈ ਕਿ ਢੱਡ ਦੇ ਨਾਲ ਗਾਇਨ ਕਰਨ ਤੇ ਹੀ ਢਾਡੀ ਸ਼ਬਦ ਦੀ ਹੋਂਦ ਹੋਈ ਹੋਵੇਗੀ। ਖੜੇ ਹੋ ਕੇ ਗਾਏ ਜਾਣ ਵਾਲੀ ਇਹ ਰਚਨਾ ਯੁੱਧ ਦੁਆਰਾ ਆਉਣ ਦਾ ਨਿਮੰਤਰਣ ਦਿੰਦੀ ਹੈ। ਦੇਸ਼ ਭਗਤੀ ਦੀ ਭਾਵਨਾ ਜਗਾਉਣ ਵਿਚ ਜੋ ਯੋਗਦਾਨ ਵਾਰ ਗਾਇਨ ਦਾ ਪੰਜਾਬ ਦੇ ਲੋਕਾਂ ਤੇ ਰਿਹਾ ਹੈ, ਅਜਿਹਾ ਪ੍ਰਭਾਵ ਭਾਰਤ ਦੇ ਹੋਰ ਪ੍ਰਾਂਤਾ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦਾ।

ਅਧਿਆਤਮਕ ਵਾਰਾਂ ਵਿਚ 'ਆਸਾ ਦੀ ਵਾਰ' ਨੂੰ ਪਉੜੀ ਤਾਲ ਤੇ ਗਾਇਆ ਜਾਂਦਾ ਹੈ। ਟੁੰਡੇ ਅਸਰਾਜੇ ਕੀ ਧੁਨੀ ਤੇ ਰਾਗ ਆਸਾ ਵਿਚ ਹਮੇਸ਼ਾ ਗਾਈ ਜਾਣ ਵਾਲੀ ਇਹ ਵਾਰ ਸਾਰੇ ਗੁਰਦੁਆਰਿਆਂ ਵਿਚ ਅੱਜ ਵੀ ਨੇਮ ਨਾਲ ਗਾਈ ਜਾਂਦੀ ਹੈ। ਇਹ ਗੱਲ ਅਲੱਗ ਹੈ ਕਿ ਇਸ ਨੂੰ ਗਾਉਣ ਵਾਲੇ ਰਾਗੀ ਸਿੰਘ ਹਰਮੋਨੀਅਮ ਅਤੇ ਤਬਲੇ ਦਾ ਪ੍ਰਯੋਗ ਕਰਦੇ ਹਨ ਅਤੇ ਇਸ ਨੂੰ ਖੜੇ ਹੋ ਕੇ ਨਹੀਂ ਗਾਉਂਦੇ। ਭਗਤੀ ਭਾਵ ਨਾਲ ਪਰੀਪੂਰਨ ਇਹ ਵਾਰ ਸਿੱਖ ਸਮੁਦਾਇ ਵਿਚ ਬਹੁਤ ਪ੍ਰਸਿੱਧ ਹੈ।

ਕਿਸੇ ਸਮੇਂ ਆਪਣੇ ਸਿਖਰ ਤੇ ਰਹਿਣ ਵਾਲੀ ਲੋਕ ਗਾਇਨ ਦੀ ਇਹ ਵਿਧਾ ਹੌਲੇ-ਹੌਲੇ ਪਤਨ ਵੱਲ ਜਾਣ ਲੱਗ ਪਈ ਹੈ। ਜੇਕਰ ਇਸਦੇ ਮੁਢਲੇ ਇਤਿਹਾਸ ਨੂੰ ਵੇਖੀਏ ਤਾਂ ਪਤਾ ਚਲਦਾ ਹੈ ਕਿ ਕਈ ਕਾਰਨਾਂ ਨਾਲ ਇਸ ਦੇ

ਵਿਕਾਸ ਵਿਚ ਰੁਕਾਵਟ ਆ ਰਹੀ ਹੈ। 1971 ਦੇ ਬਾਅਦ ਕੋਈ ਵੱਡਾ ਯੁੱਧ ਨਹੀਂ ਹੋਇਆ ਜਿਸ ਲਈ ਯੋਧਿਆਂ ਨੂੰ ਉਤਸਾਹਿਤ ਕਰਨ ਦੀ ਜ਼ਰੂਰਤ ਪਈ ਹੋਵੇ। ਪਰਿਣਾਮ ਸਵਰੂਪ ਯੁੱਧ ਵਿਚੋਂ ਸਾਮਗ੍ਰੀ ਖੋਜ ਕੇ ਆਪਣੀ ਵਾਰਾਂ ਨੂੰ ਰਚਣ ਵਾਲੇ ਵਾਰ ਗਾਇਕਾਂ ਨੇ ਪ੍ਰੇਰਨਾ ਦੀ ਕਮੀ ਕਾਰਨ ਨਵੀਆਂ ਵਾਰਾਂ ਰਚਣ ਵਿਚ ਆਪਣੀ ਰੁਚੀ ਨਹੀਂ ਦਿਖਾਈ। ਬਾਹਰੀ ਸਭਿਆਚਾਰ ਅਤੇ ਸੰਗੀਤ ਦੇ ਹਮਲਿਆਂ ਨਾਲ ਲੋਕ-ਸੰਗੀਤ ਦੀਆਂ ਹੋਰ ਵਿਧਾਵਾਂ ਜਿਵੇਂ ਲੋਗੀ, ਕਾਫੀ ਆਦਿ ਦੇ ਨਾਲ ਵਾਰ ਗਾਇਨ ਦੇ ਪ੍ਰਤੀ ਭੀ ਲੋਕਾਂ ਦੀ ਰੁਚੀ ਘੱਟ ਹੋ ਗਈ ਹੈ। ਪ੍ਰਾਰੰਭ ਵਿਚ ਗਾਇਕਾਂ ਨੂੰ ਜੋ ਸਨਮਾਨ ਰਾਜਿਆਂ, ਮਹਾਰਾਜਿਆਂ, ਨਵਾਬਾਂ ਆਦਿ ਤੋਂ ਮਿਲਦਾ ਸੀ, ਦੀ ਕਮੀ ਵਿਚ ਇਹ ਪਰੰਪਰਾ ਆਪਣੀ ਲੋਕਪ੍ਰਿਅਤਾ ਖੋ ਰਹੀ ਹੈ। ਵਰਤਮਾਨ ਵਿਚ ਵਾਰ-ਗਾਇਨ ਜ਼ਿਆਦਾਤਰ ਗੁਰਦੁਆਰਿਆਂ ਵਿਚ ਧਾਰਮਿਕ ਵਾਰਾਂ ਗਾ ਕੇ ਆਪਣੀ ਰੋਜ਼ੀ-ਰੋਟੀ ਚਲਾ ਰਹੇ ਹਨ। ਬਦਲਦੇ ਪਰਿਪੇਖ ਵਿਚ ਵਾਰਾਂ ਦੇ ਵਿਕਾਸ ਵਿਚ ਕਮੀ ਅਤੇ ਸੰਸਥਾਵਾਂ ਦੁਆਰਾ ਸਹੀ ਜਤਨ ਨਾ ਹੋਣ ਕਾਰਨ ਵੀ ਵਾਰਾਂ ਸੰਗੀਤ ਵਿਚ ਆਪਣਾ ਸਥਾਨ ਖੋ ਰਹੀਆਂ ਹਨ।

ਜੇਕਰ ਲੋਕ-ਸੰਗੀਤ ਕਿਸੇ ਵਿਅਕਤੀ ਵਿਸ਼ੇਸ਼ ਦੀ ਧਰੋਹਰ ਨਹੀਂ ਹੈ ਤਾਂ ਇਸਦੀ ਪਰੰਪਰਾ ਨੂੰ ਜਿਉਂਦਿਆਂ ਰੱਖਣ ਅਤੇ ਉਸਦੇ ਵਿਕਾਸ ਲਈ ਗੁਣੀਜਨਾਂ ਦਾ ਯੋਗਦਾਨ ਆਵੱਸ਼ਕ ਹੈ। ਕਵੀ ਰਵਿੰਦਰ ਨਾਥ ਟੈਗੋਰ ਦੁਆਰਾ ਬੰਗਾਲ ਦੇ ਲੋਕ ਸੰਗੀਤ ਨੂੰ ਆਪਣੇ ਸਿਖਰ ਤੱਕ ਪਹੁੰਚਾਉਣ ਲਈ ਅਤੇ ਵਿਸ਼ਵ ਵਿਚ ਰਵਿੰਦਰ ਸੰਗੀਤ ਦੇ ਰੂਪ ਵਿਚ ਪ੍ਰਸਿੱਧ ਕਰਨ ਲਈ ਉਹਨਾਂ ਦਾ ਯੋਗਦਾਨ ਸਦਾ ਯਾਦ ਰੱਖਿਆ ਜਾਵੇਗਾ। ਵਾਰ-ਕਾਵਿ ਦੇ ਲੇਖਕਾਂ/ਗਾਇਕਾਂ ਤੋਂ ਆਸ਼ਾ ਕੀਤੀ ਜਾਂਦੀ ਹੈ ਕਿ ਪਰੰਪਰਾਵਾਦੀ ਵਾਰਾਂ-ਵੀਰਰਸ, ਸ਼ਿੰਗਾਰ ਰਸ ਤੇ ਭਗਤੀ ਭਾਵ ਵਿਚ ਪ੍ਰਗਟ ਹੁੰਦੀਆਂ ਹਨ, ਦਾ ਦਾਇਰਾ ਵਧਾ ਕੇ ਭਿੰਨ-ਭਿੰਨ ਸਮਾਜਿਕ ਚੁਣੌਤੀਆਂ-ਭ੍ਰਿਸ਼ਟਾਚਾਰ, ਦਾਜ-ਪ੍ਰਥਾ, ਬੇਰੋਜ਼ਗਾਰੀ, ਅਨਪੜ੍ਹਤਾ, ਵਧਦੀ ਜਨ-ਸੰਖਿਆ, ਗਰੀਬੀ ਆਦਿ ਨੂੰ ਵੀ ਵਾਰ-ਰਚਨਾ ਵਿਚ ਥਾਂ ਦਿੱਤੀ ਜਾਵੇ। ਗੁਰੂ-ਸ਼ਿਸ਼ ਪਰੰਪਰਾ ਅਧੀਨ ਪੀੜ੍ਹੀ ਦਰ ਪੀੜ੍ਹੀ ਚੱਲ ਰਹੇ ਵਾਰ ਗਾਇਕਾਂ ਦੁਆਰਾ ਨਵੀਂ ਪੀੜ੍ਹੀ ਦੇ ਵਾਰ ਗਾਇਕਾਂ ਵਿਚ ਪ੍ਰਚਾਰ ਕਰਨ ਲਈ ਸੰਸਥਾਗਤ ਪ੍ਰਯਾਸ ਕੀਤੇ ਜਾਣ। ਲੋਕਾਂ ਦੀ ਭਾਗੀਦਾਰੀ ਨੂੰ ਮੁਕੰਮਲ ਕਰਨ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੱਕ ਕਰਾਏ ਜਾਣ ਵਾਲੇ ਅਨੇਕਾਂ ਮੁਕਾਬਲੇ ਖੁਲ੍ਹੇ ਅਖਾੜਿਆਂ ਵਿਚ ਕਰਾਏ ਜਾਣ। ਮੇਲੇ ਅਤੇ ਤਿਉਹਾਰਾਂ ਤੇ 'ਵਾਰ-ਗਾਇਨ' ਪ੍ਰਤੀਯੋਗਤਾਵਾਂ ਦਾ ਪ੍ਰਬੰਧ ਹੋਵੇ ਜਿਸ ਵਿਚ ਨਿੱਜੀ ਖੇਤਰ ਵੱਧ ਚੜ੍ਹ ਕੇ ਹਿੱਸਾ ਲਵੇ। ਵਾਰਾਂ ਨੂੰ ਇਕੱਠਾ ਕਰ ਰੇਡੀਓ, ਟੀ.ਵੀ, ਆਡੀਓ-ਵੀਡੀਓ, ਸੀ.ਡੀ ਅਤੇ ਕੰਪੀਊਟਰ ਰਾਹੀਂ ਪ੍ਰਚਾਰ ਹੋਵੇ।

ਇਸ ਤਰ੍ਹਾਂ ਪੰਜਾਬ ਦੀ ਵੀਰਤਾਪੂਰਨ ਪਰੰਪਰਾ ਵਾਰ-ਗਾਇਨ ਨਾ ਕੇਵਲ ਆਪਣੀ ਪ੍ਰਸਿੱਧੀ ਮੁੜ ਪ੍ਰਾਪਤ ਕਰ ਲਵੇਗੀ ਬਲਕਿ ਬਦਲਦੇ ਪਰਿਪੇਖ ਵਿਚ ਨਵੀਂ ਊਰਜਾ ਦੇ ਨਾਲ ਜੀਵਨ ਨੂੰ ਨਵੇਂ ਅਰਥ ਦੇਵੇਗੀ।

# ਕੀਰਤਨ ਸਮਰਾਟ ਭਾਈ ਸਮੁੰਦ ਸਿੰਘ ਜੀ

ਪ੍ਰਿੰ. (ਰਿਟਾ.) ਹਰੀ ਸਿੰਘ : ਧੰਨਵਾਦ ਸਹਿਤ 'ਸਾਡਾ ਵਿਰਸਾ ਸਾਡਾ ਗੌਰਵ'

ਭਾਈ ਸਮੁੰਦ ਸਿੰਘ ਜੀ ਮਹਾਨ ਗੁਰਸਿੱਖ ਕੀਰਤਨੀਏ ਹੋਏ ਹਨ, ਜਿਨ੍ਹਾਂ ਨੇ ਕੀਰਤਨ ਕੀਤਾ ਹੀ ਨਹੀਂ, ਕੀਰਤਨੀ-ਜੀਵਨ ਵੀ ਜੀਵਿਆ। ਆਪ ਨੂੰ ਰਾਗ ਸੁਰ, ਤਾਲ ਦੀ ਵਿਸ਼ੇਸ਼ ਸੋਝੀ ਸੀ। ਉਹ ਆਪਣੀ ਨਿਵੇਕਲੀ ਕੀਰਤਨ-ਸ਼ੈਲੀ ਸਦਕਾ ਹੀ ਸਮਕਾਲੀ ਕੀਰਤਨੀਆਂ ਵਿਚ ਵਿਸ਼ੇਸ਼ ਤੇ ਵਿਲੱਖਣ ਸਥਾਨ ਰੱਖਦੇ ਸਨ। ਭਾਰਤ ਦੇ ਸੰਗੀਤ ਸਮਰਾਟ ਉਸਤਾਦ ਬੜੇ ਗੁਲਾਮ ਅਲੀ ਖਾਂ ਭਾਈ ਸਮੁੰਦ ਸਿੰਘ ਜੀ ਨੂੰ ਬੜਾ ਪਿਆਰ ਕਰਦੇ ਸਨ ਅਤੇ ਉਹਨਾਂ ਦੀ ਰਾਏ 'ਚ "ਭਾਈ ਸਮੁੰਦ ਸਿੰਘ ਸਿਖੋਂ ਮੇਂ ਨਹਾਇਤ ਹੀ ਸ਼ੁਧ ਸੁਰ ਔਰ ਫਨ ਵਾਲਾ ਫਨਕਾਰ ਹੈ।" ਸੰਗੀਤ ਦੇ ਮਾਹਿਰ ਦਲੀਪ ਚੰਦਰ ਬੇਦੀ ਨੇ ਭਾਈ ਸਾਹਿਬ ਨੂੰ ਸੁਰ ਕਾ ਬਾਦਸ਼ਾਹ ਤੇ ਬਹਿਰੇ ਮੌਸੀਕੀ ਕਹਿਕੇ ਵਡਿਆਇਆ ਹੈ।"

ਭਾਈ ਸਮੁੰਦ ਸਿੰਘ ਜੀ ਨੂੰ ਕੀਰਤਨ ਦੀ ਦਾਤ ਵਿਰਸੇ ਵਿਚ ਪ੍ਰਾਪਤ ਹੋਈ। ਆਪ ਜੀ ਦਾ ਪ੍ਰਵਾਰ ਪਿਛਲੀਆਂ ਚਾਰ ਪੁਸ਼ਤਾਂ ਤੋਂ ਕੀਰਤਨ ਦੀ ਸੇਵਾ ਕਰ ਰਿਹਾ ਸੀ। ਆਪ ਜੀ ਦੇ ਪਿਤਾ ਭਾਈ ਹਜ਼ੂਰਾ ਸਿੰਘ ਜੀ ਤਾਊਸ ਨਾਲ ਕੀਰਤਨ ਕਰਦੇ ਸਨ। ਇਨ੍ਹਾਂ ਪਾਸੋਂ ਆਪ ਜੀ ਨੇ ਕੀਰਤਨ ਸਿੱਖਿਆ ਅਤੇ ਭਾਈ ਸ਼ੇਰ ਸਿੰਘ, ਭਾਈ ਪਿਆਰਾ ਸਿੰਘ ਆਦਿ ਰਬਾਬੀਆਂ ਪਾਸੋਂ ਵੀ ਆਪ ਨੇ ਰਾਗ ਵਿੱਦਿਆ ਪ੍ਰਾਪਤ ਕੀਤੀ।

ਭਾਈ ਸਮੁੰਦ ਸਿੰਘ ਜੀ ਦਾ ਜਨਮ ਪਿੰਡ ਮੁਲਾਂ ਹਮਜ਼ਾ, ਜ਼ਿਲ੍ਹਾ ਮਿੰਟਗੁੰਮਰੀ ਵਿਚ ਸੰਨ 1901 ਵਿਚ ਹੋਇਆ। ਸੱਤ ਸਾਲ ਦੀ ਉਮਰ ਵਿਚ ਸਿੱਖ ਵਿਦਿਅਕ ਕਾਨਫਰੰਸ ਫਿਰੋਜ਼ਪੁਰ ਵਿਖੇ ਜਦ ਉਹਨਾਂ ਇਹ ਸ਼ਬਦ ਗਾਇਆ-ਕਿਰਤਿ ਕਰਮ ਕੇ ਵੀਛੁੜੇ, ਤਾਂ ਪੰਡਾਲ ਵਿਚ ਬੈਠੀਆਂ ਸੰਗਤਾਂ ਨੇ ਆਪ ਨੂੰ ਉੱਚੇ ਹੋ ਹੋ ਕੇ ਦੇਖਿਆ ਅਤੇ ਆਪ 'ਕਾਕਾ ਸਮੁੰਦ ਸਿੰਘ' ਦੇ ਨਾਮ ਨਾਲ ਕੀਰਤਨ ਵਿਚ ਜੱਸ ਖਟਣ ਲੱਗ ਪਏ। ਵੱਡੇ ਹੋ ਕੇ ਆਪ ਨੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ 28 ਸਾਲਾਂ ਦੀ ਲੰਮੀ ਸੇਵਾ ਕੀਤੀ। ਪਾਕਿਸਤਾਨ ਬਣਨ ਤੋਂ ਬਾਅਦ ਆਪ ਲੁਧਿਆਣੇ ਆ ਗਏ ਅਤੇ ਫਿਰ ਉਹਨਾਂ ਕਿਸੇ ਕਮੇਟੀ ਅਧੀਨ ਪੱਕੀ ਨੌਕਰੀ ਨਹੀਂ ਕੀਤੀ, ਹਾਲਾਂ ਕਿ ਉਹਨਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਰਾਗੀ ਦੀ ਪਦਵੀ ਪੇਸ਼ ਕੀਤੀ ਗਈ। ਉਹ ਖੁੱਲ੍ਹੇ ਤੌਰ 'ਤੇ ਵਿਚਰਦੇ ਰਹੇ ਅਤੇ ਕਿਸੇ ਵੀ ਮਾਇਕ ਸੌਦੇਬਾਜ਼ੀ ਵਿਚ ਨਹੀਂ ਪਏ। ਜੋ ਖੁਸ਼ੀ ਨਾਲ ਸੰਗਤ ਤੋਂ ਮਿਲਦਾ, ਉਸਨੂੰ ਆਪਣੇ ਗੁਰੂ ਦੀ ਬਖਸ਼ਿਸ਼ ਸਮਝ ਕੇ ਸਵੀਕਾਰ ਕਰਦੇ।

ਉਨ੍ਹਾਂ ਦੀ ਦਿੱਖ ਪ੍ਰਭਾਵਸ਼ਾਲੀ ਸੀ। ਰੰਗ ਗੋਰਾ, ਕੱਦ ਮਧਰਾ ਤੇ ਨੈਣ ਨਕਸ਼ ਤਿੱਖੇ ਸਨ। ਉਹਨਾਂ ਦਾ ਪਹਿਰਾਵਾ ਸੁੰਦਰ ਤੇ ਸਾਦਾ ਸੀ ਅਤੇ ਪਗੜੀ ਦੇ ਪੇਚ ਇੰਨੇ ਸਾਫ ਸੁਥਰੇ ਹੁੰਦੇ ਸਨ ਜਿੰਨੇ ਉਨ੍ਹਾਂ ਦੀ ਗਾਇਕੀ ਦੇ ਤਾਨ ਪਲਟੇ।

ਭਾਈ ਸਾਹਿਬ ਛਾਤੀ ਦੇ ਜ਼ੋਰ ਨਾਲ ਗਾਉਂਦੇ ਸਨ ਅਤੇ ਢਿੱਲੀ ਗਾਇਕੀ ਨੂੰ ਉਕਾ ਪਸੰਦ ਨਹੀਂ ਸੀ ਕਰਦੇ। ਉਨ੍ਹਾਂ ਦੇ ਵਿਚਾਰ ਸਨ ਕਿ ਦੋ ਕਿਸਮ ਦੇ ਰਾਗੀ ਹਨ- ਇਕ ਸਧਾਰਨ ਗਾਇਕੀ ਵਾਲੇ ਜੋ ਗੁਰਬਾਨੀ ਤੇ ਜ਼ੋਰ ਦਿੰਦੇ ਹਨ ਅਤੇ ਸਿੱਧੀਆਂ ਧਾਰਨਾਂ ਕਰਕੇ ਆਮ ਸੰਗਤਾਂ ਵਿਚ ਸਨਮਾਨੇ ਜਾਂਦੇ ਹਨ ਕਿਉਂਕਿ ਆਮ ਲੋਕ ਰਾਗ ਸੁਨਣ ਦੀ ਸਮਰੱਥਾ ਨਹੀਂ ਰੱਖਦੇ। ਦੂਸਰੇ ਗਵਾਇਸ਼ ਦੇ ਸ਼ੌਕੀਨ ਜੋ ਗੁਰਬਾਣੀ ਪਿੱਛੇ ਛੱਡ ਜਾਂਦੇ ਹਨ। ਉਹਨਾਂ ਨੇ ਵਿਲੱਖਣ ਢੰਗ ਨਾਲ ਗੁਰਬਾਣੀ ਤੇ ਰਾਗ ਦਾ ਸੁਮੇਲ ਕੀਤਾ। ਉਹ ਤਾਨ ਪਲਟੇ ਅਤੇ ਲੈਅ ਦੇ ਧਨੀ ਸਨ ਪਰ ਗਵਾਇਸ਼ ਨੂੰ ਕਦੀ ਵੀ ਹਾਵੀ ਨਹੀਂ ਸੀ ਹੋਣ ਦਿੰਦੇ। ਉਹ ਕਹਿੰਦੇ ਸਨ, "ਗੁਰਬਾਣੀ ਦਾ ਸਥਾਨ ਉੱਚਾ ਹੈ। ਰਾਗ ਗੁਰਬਾਣੀ ਦਾ ਰੱਥ ਹੈ, ਉਸਨੂੰ ਜਿਨ੍ਹਾਂ ਸੰਵਾਰੋਗੇ, ਉਨਾਂ ਹੀ ਰਸ ਵਧੇਗਾ।"

ਮਹਾਨ ਕੀਰਤਨੀਏ ਭਾਈ ਅਵਤਾਰ ਸਿੰਘ ਅਨੁਸਾਰ, "ਭਾਈ ਸਾਹਿਬ ਜੀ ਦਾ ਕੀਰਤਨ ਦਾ ਢੰਗ ਵੱਖਰਾ ਹੀ ਸੀ। ਭਾਈ ਸਾਹਿਬ ਵੱਡੇ ਤੋਂ ਵੱਡੇ ਤਾਲ ਐਸੇ ਢੰਗ ਨਾਲ ਗਾਉਂਦੇ ਸਨ-9-11-13-15-18 ਮਾਤਰਾਂ, ਆਡਾ, ਚੁਤਾਲਾ, ਧੁਮਾਰ-ਹਰ ਬੰਦਾ ਆਨੰਦ ਮਾਣਦਾ ਸੀ। ਉਨ੍ਹਾਂ ਦੀ ਆਵਾਜ਼ ਵਿਚ ਐਸੀ ਕੁਦਰਤੀ ਮੁਰਕੀ ਸੀ ਜੋ ਹੋਰ ਕਿਸੇ ਦੀ ਆਵਾਜ਼ ਵਿਚ ਘੱਟ ਹੀ ਵੇਖੀ ਹੈ। ਬਿਖੜੇ ਤਾਲ ਨੂੰ ਗਾਉਣ ਦਾ ਢੰਗ ਨਿਰਾਲਾ ਸੀ। ਭਾਈ ਸਾਹਿਬ ਪੁਰਾਤਨ ਗੀਤਾਂ, ਧਰੁਪਦ, ਪੜਤਾਲਾਂ ਸੁਣਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਇਕ ਵਾਰ ਪ੍ਰੋ. (ਬਾਵਾ) ਨਰੈਣ ਸਿੰਘ

ਜੀ ਨੇ ਭਾਈ ਸਾਹਿਬ ਪਾਸੋਂ ਪੁੱਛਿਆ ਕਿ ਸਰੋਤਾ ਇਕ ਹੋਵੇ, ਦੋ ਹੋਣ ਜਾਂ ਸੈਂਕੜੇ, ਤੁਹਾਡੇ ਆਲਾਪ, ਗਾਇਨ ਤੇ ਮਸਤੀ ਵਿਚ ਕੋਈ ਅੰਤਰ ਨਹੀਂ ਵੇਖਿਆ, ਇਸ ਦਾ ਕੀ ਕਾਰਨ ਹੈ? ਭਾਈ ਸਾਹਿਬ ਦੇ ਨੈਣਾਂ ਵਿਚ ਚਮਕ ਆਈ ਤੇ ਉਨ੍ਹਾਂ ਕਿਹਾ, "ਬਾਵਾ ਜੀ! ਮੈਂ ਕੀਰਤਨ ਆਪਣੇ ਗੁਰੂ ਨਾਨਕ ਪਾਤਸ਼ਾਹ ਨੂੰ ਹਾਜ਼ਰ-ਨਾਜ਼ਰ ਸਮਝਕੇ ਕਰਦਾਂ ਤੇ ਉਨ੍ਹਾਂ ਨੂੰ ਸੁਣਾਉਂਦਾ ਹਾਂ। ਇਸ ਲਈ ਮੈਨੂੰ ਸੰਗਤ ਦੀ ਥੋੜ੍ਹੀ ਜਾਂ ਬਹੁਤੀ ਹਾਜ਼ਰੀ ਦਾ ਕੋਈ ਫਰਕ ਨਹੀਂ ਪੈਂਦਾ।"

ਭਾਈ ਸਾਹਿਬ ਕਈ ਰਾਗਾਂ ਵਿਚ ਕੀਰਤਨ ਕਰਦੇ ਸਨ, ਪਰ ਉਨ੍ਹਾਂ ਦੀ ਸੋਰਠ ਰਾਗ ਗਾਇਣ ਵਿਚ ਬਹੁਤ ਪ੍ਰਸਿੱਧੀ ਸੀ। ਜਦੋਂ ਉਹ ਸੋਰਠ ਦੀ ਚੌਂਕੀ ਪਿੱਛੋਂ ਰਾਤ ਦੇ ਅੱਠ-ਨੌਂ ਵਜੇ ਕਦੇ (ਸੋਰਠ ਮਹਲਾ ਨੌਂਵਾਂ) 'ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ' ਗਾਉਂਦੇ ਸਨ, ਤਾਂ ਕਮਾਲ ਕਰ ਦਿੰਦੇ ਸਨ। ਸਰੋਤਿਆਂ ਦੀਆਂ ਸਮਾਧੀਆਂ ਲੱਗ ਜਾਂਦੀਆਂ ਸਨ। ਉਨ੍ਹਾਂ ਦੁਆਰਾ ਗਾਏ ਸ਼ਬਦ "ਪ੍ਰਭ ਮੋਹਿ ਕਬ ਗਲ ਲਾਵਹਿਗੇ", ਰਾਗ ਕਲਿਆਣ ਵਿਚ "ਕਿਉ ਜੀਵਨੁ ਪ੍ਰੀਤਮ ਬਿਨੁ ਮਾਈ', ਰਾਗ ਸਿੰਧ ਭੈਰਵੀ ਵਿਚ 'ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ', ਸੋਰਠਿ ਰਾਗ ਵਿਚ "ਭਿੰਨੀ ਰੈਨੜੀਏ ਚਮਕਨਿ ਤਾਰੇ' ਬਹੁਤ ਪ੍ਰਵਾਨ ਹੋਏ। ਉਨ੍ਹਾਂ ਸਵੇਰ ਦੇ ਸਮੇਂ ਦੇ ਰਾਗਾਂ ਵਿਚੋਂ ਰਾਮਕਲੀ, ਅਹੀਰ, ਭੈਰਉ ਤੇ ਆਸਾਵਰੀ ਬਹੁਤ ਮਿੱਠੀਆਂ ਬੰਦਸ਼ਾਂ ਵਿਚ ਗਾਏ। ਅਖੀਰਲੀ ਉਮਰ ਵਿਚ ਰਾਗ ਹਮੀਰ, ਤਾਲ ਫਿਰੋਦਸਤ ਵਿਚ, 'ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ' ਸ਼ਬਦ ਬਹੁਤ ਪ੍ਰਚੱਲਤ ਹੋਇਆ।

ਭਾਈ ਸਾਹਿਬ ਜੀ ਦਾ ਸੰਨ 1930 ਤੋਂ ਰੇਡੀਓ ਤੋਂ ਸ਼ਬਦ ਗਾਇਨ ਸ਼ੁਰੂ ਹੋਇਆ। ਆਪ ਪਹਿਲੇ ਸਿੱਖ ਕੀਰਤਨੀਏ ਸਨ ਜਿਨਾਂ ਨੂੰ ਇਹ ਮਾਨ ਮਿਲਿਆ। ਉਹਨਾਂ ਦੇ ਪ੍ਰੋਗਰਾਮ, ਲਾਹੌਰ, ਸ਼ਿਮਲਾ, ਜੰਮੂ, ਕਸ਼ਮੀਰ, ਦਿੱਲੀ ਤੇ ਜਲੰਧਰ ਰੇਡੀਓ ਸਟੇਸ਼ਨਾਂ ਤੋਂ ਪ੍ਰਸਾਰਤ ਹੁੰਦੇ ਰਹੇ ਅਤੇ ਇੰਝ ਹਿੰਦੁਸਤਾਨ ਦੇ ਹਰ ਕੋਨੇ ਵਿਚ ਆਪ ਦੀ ਆਵਾਜ਼ ਸੁਣੀ ਜਾਣ ਲੱਗ ਪਈ।

ਬਲਵੰਤ ਗਾਰਗੀ ਅਨੁਸਾਰ, "ਕਈ ਵਾਰ ਸ਼ਬਦ ਨੂੰ ਗਾਉਂਦੇ ਗਾਉਂਦੇ ਉਹ ਵਿਚੋਂ ਹੀ ਰਾਗ ਨੂੰ ਬਦਲ ਦੇਂਦੇ ਪਰ ਸ਼ਬਦ ਦੀ ਨਿਰੰਤਰਤਾ ਭੰਗ ਨਹੀਂ ਸੀ ਹੋਣ ਦੇਂਦੇ। ਮਿਸਾਲ ਦੇ ਤੌਰ ਤੇ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿਚ ਸ਼ੁਰੂ ਕਰਦੇ। ਸ਼ਬਦ ਗਾਉਂਦਿਆਂ ਤੇ ਮਸਤੀ ਵਿਚ ਝੂੰਮਦਿਆਂ ਜਦ ਉਨ੍ਹਾਂ ਨੂੰ ਪਤਾ ਲੱਗਦਾ ਕਿ ਆਕਾਸ਼ ਵਿਚ ਮੋਤੀਆਂ ਰੰਗ ਖੁਰ ਗਏ ਨੇ ਤੇ ਪਹੁ ਫੁੱਟ ਪਈ ਹੈ, ਤਾਂ ਉਸ ਸਮੇਂ ਦੇ ਬਦਲਣ ਨਾਲ ਸਹਿਜ ਸੁਭਾਅ ਹੀ ਆਸਾ ਰਾਗ ਦੇ ਸੁਰਾਂ ਨੂੰ ਭੈਰਵ ਰਾਗ ਦੇ ਸੁਰਾਂ ਵਿਚ ਬਦਲ ਦਿੰਦੇ। ਸ਼ਬਦ ਨੂੰ ਉਸੇ ਤਾਲ ਵਿਚ ਗਾਉਂਦੇ ਹੋਏ ਇਹ ਰਾਗ ਵਿੱਦਿਆ ਦਾ ਕ੍ਰਿਸ਼ਮਾ ਸੀ ਅਤੇ ਇਸ ਸੰਗੀਤਕ ਖ਼ੂਬੀ ਉੱਤੇ ਪੱਕੇ ਰਾਗ ਦੇ ਗੁਣੀ ਅਸ਼-ਅਸ਼ ਕਰ ਉੱਠਦੇ। ਉਨ੍ਹਾਂ ਦੀ ਗਾਇਕੀ ਸਵੇਰ ਸਾਰ ਦੇ ਰੰਗਾਂ ਵਾਂਗ ਸੀ, ਜੋ ਇਕ ਦੂਜੇ ਵਿਚ ਵੱਟ ਰਹੇ ਹੋਣ। ਉਹ ਵਕਤ ਬਦਲਣ ਨਾਲ ਭੈਰਵ ਤੋਂ ਭੈਰਵੀ ਵਿਚ ਆ ਜਾਂਦੇ ਤੇ ਫਿਰ ਆਸਾਵਰੀ ਵਿਚ ਜੋ ਸਵੇਰੇ ਅੱਠ ਵਜੇ ਦਾ ਰਾਗ ਹੈ। ਸ਼ਬਦ ਉਹੀ ਕਾਇਮ ਰਹਿੰਦਾ, ਪਰ ਵੇਲੇ ਨਾਲ ਰਾਗ ਤੇ ਭਾਵ ਦੇ ਰੰਗ ਬਦਲਦੇ ਰਹਿੰਦੇ।"

ਬਲਰਾਜ ਸਾਹਨੀ ਅਨੁਸਾਰ ਵੀਹਵੀਂ ਸਦੀ ਵਿਚ ਜਨਮੇ ਚਾਰ ਮਹਾਨ ਪੰਜਾਬੀ ਕਲਾਕਾਰ-ਪੰਜਾਬੀ ਲੇਖਕਾਂ ਵਿਚ ਸ੍ਰੀ ਗੁਰਬਖਸ਼ ਸਿੰਘ ਪ੍ਰੀਤਲੜੀ, ਚਿੱਤਰਕਾਰਾਂ ਵਿਚ ਸ੍ਰੀ ਸੋਭਾ ਸਿੰਘ, ਸ਼ਾਸਤਰੀ ਸੰਗੀਤ ਵਿਚ ਉਸਤਾਦ ਬੜੇ ਗੁਲਾਮ ਅਲੀ ਖਾਂ, ਪਟਿਆਲਾ ਘਰਾਣਾ ਤੇ ਗੁਰਮਤਿ ਸੰਗੀਤ ਵਿਚ ਭਾਈ ਸਮੁੰਦ ਸਿੰਘ ਜੀ ਹਨ।

ਭਾਈ ਸਾਹਿਬ ਅਨੁਸਾਰ ਚੰਗੇ ਰਾਗੀ ਦੇ ਇਹ ਗੁਣ ਹੋਣੇ ਚਾਹੀਦੇ ਹਨ। ਉੱਚਾ ਸਦਾਚਾਰ, ਬਾਣੀ ਲਈ ਪਿਆਰ, ਸ਼ਬਦ ਦੇ ਅਰਥਾਂ ਦੀ ਸਮਝ, ਸ਼ੁਧ ਉਚਾਰਣ, ਪੱਕੇ ਰਾਗਾਂ ਤੇ ਪਰੰਪਰਾ ਦਾ ਡੂੰਘਾ ਗਿਆਨ, ਗੁਰਬਾਣੀ ਦੇ ਸਾਹਿਤਕ, ਅਧਿਆਤਮਕ ਤੇ ਰੂਹਾਨੀ ਤੱਤਾਂ ਦਾ ਬੋਧ, ਤਦ ਹੀ ਬਾਣੀ ਦੇ ਗਾਇਕ ਨੂੰ ਸਹੀ ਅਰਥਾਂ ਵਿਚ ਕੀਰਤਨੀਆਂ ਆਖਿਆ ਜਾ ਸਕਦਾ ਹੈ। ਭਾਈ ਸਾਹਿਬ ਪੰਜਾਬੀ ਲਿਖਾਰੀਆਂ ਦੀਆਂ ਲਿਖਤਾਂ ਨੂੰ ਪੜ੍ਹਦੇ ਸਨ। ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਨਾਲ ਉਨ੍ਹਾਂ ਦਾ ਨਿਜੀ ਸਬੰਧ ਸੀ। ਉਹ ਵਿਦਿਆ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਪ੍ਰਵਾਰ ਵਿਚ ਬੇਟੇ ਤੇ ਬੇਟੀਆਂ ਨੂੰ ਉੱਚ ਵਿੱਦਿਆ ਪ੍ਰਾਪਤ ਕਰਵਾਈ। ਬੇਟਾ ਸ. ਹਰਭਜਨ ਸਿੰਘ ਮਕੈਨੀਕਲ ਇੰਜਨੀਅਰ ਅਮਰੀਕਾ ਵਿਚ ਉੱਚ ਪਦਵੀ ਤੋਂ ਰੀਟਾਈਰ ਹੋਏ ਹਨ ਅਤੇ ਪ੍ਰਭਾਵਸ਼ਾਲੀ ਕੀਰਤਨ ਕਰਦੇ ਹਨ ਅਤੇ ਉਹਨਾਂ ਦਾ ਲੜਕਾ ਉਨ੍ਹਾਂ ਨਾਲ ਤਬਲੇ ਦੀ ਸੰਗਤ ਕਰਦਾ ਹੈ। ਬੇਟੀਆਂ ਨੇ ਵਿਦਿਅਕ ਖੇਤਰ ਵਿਚ ਬਹੁਤ ਨਾਮਣਾ ਖੱਟਿਆ ਹੈ। ਉੱਚ ਵਿਦਿਆ ਦਾ ਪਾਸਾਰ ਹੋਇਆ। ਉਨ੍ਹਾਂ ਦੇ ਸ਼ਿਸ਼ ਪ੍ਰੋ. ਪਰਮਜੋਤ ਸਿੰਘ ਉੱਚ-ਵਿੱਦਿਆ ਪ੍ਰਾਪਤ ਕਰਦਾ ਹੋਇਆ ਗੁਰਬਾਣੀ ਕੀਰਤਨ ਅਰਥਾਤ ਰਾਗ ਵਿੱਦਿਆ ਵਿਚ ਪ੍ਰਬੀਨ ਹੋਇਆ ਅਤੇ ਹੁਣ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਿਖੇ ਭਾਈ ਸਮੁੰਦ ਸਿੰਘ

ਗੁਰਮਤਿ ਸੰਗੀਤ ਅਕੈਡਮੀ ਵਿਚ ਡਾਇਰੈਕਟਰ ਵਜੋਂ ਗੁਰਮਤਿ ਸੰਗੀਤ ਦੀ ਵੱਡੀ ਸੇਵਾ ਨਿਭਾ ਰਹੇ ਹਨ ਅਤੇ ਭਾਈ ਸਮੁੰਦ ਸਿੰਘ ਹੋਰਾਂ ਦੀ ਗੁਰਮਤਿ ਸੰਗੀਤ ਸ਼ੈਲੀ ਨੂੰ ਜੀਵਤ ਰੱਖਦੇ ਹੋਏ, ਉਸਦਾ ਪ੍ਰਭਾਵਸ਼ਾਲੀ ਪਾਸਾਰ ਕਰ ਰਹੇ ਹਨ।

ਭਾਈ ਸਮੁੰਦ ਸਿੰਘ ਜੀ ਦੇ ਬੇਟੇ ਸ. ਹਰਭਜਨ ਸਿੰਘ ਅਨੁਸਾਰ ਭਾਈ ਸਾਹਿਬ ਖੁਸ਼ ਤਬੀਅਤ ਸਨ। ਜਦੋਂ ਵੀ ਸਮਾਂ ਮਿਲਦਾ, ਪ੍ਰਵਾਰ ਵਿਚ ਬੈਠੇ ਹਾਸਾ-ਠੱਠਾ ਕਰਿਆ ਕਰਦੇ। ਆਪ ਬੱਚਿਆਂ ਵਿਚ ਬੱਚੇ, ਨੌਜਵਾਨਾਂ ਵਿਚ ਨੌਜਵਾਨ ਅਤੇ ਬਜ਼ੁਰਗਾਂ ਵਿਚ ਬਜ਼ੁਰਗ ਬਣ ਸਭ ਦੀ ਖੁਸ਼ੀ ਹਾਸਲ ਕਰ ਲੈਂਦੇ ਸਨ। ਆਪ ਦਲੇਰ ਸਨ ਅਤੇ ਸ਼ਸ਼ਤਰਾਂ ਨਾਲ ਵੀ ਪਿਆਰ ਕਰਦੇ ਸਨ। ਬੰਦੂਕ, ਰੀਵਾਲਵਰ, ਨੇਜ਼ਾ, ਭਾਲਾ ਤੇ ਸ੍ਰੀ ਸਾਹਿਬ ਹਮੇਸ਼ਾ ਘਰ ਰੱਖਦੇ ਸਨ। ਆਪ ਕਾਦਰ ਨੂੰ ਕੁਦਰਤ ਵਿਚੋਂ ਲੱਭਦੇ ਸਨ। ਆਪਣੇ ਘਰ ਉਹਨਾਂ ਇਕ ਸੋਹਣਾ ਬਗੀਚਾ ਲਗਵਾਇਆ ਹੋਇਆ ਸੀ ਜਿਸ ਵਿਚ ਫੁੱਲਾਂ ਅਤੇ ਸਬਜ਼ੀਆਂ ਦਾ ਸ਼ਿੰਗਾਰ ਬਣਾ ਕੇ ਰੱਖਦੇ ਸਨ।

ਭਾਈ ਅਵਤਾਰ ਸਿੰਘ ਮਹਾਨ ਕੀਰਤਨੀਏ, ਸੰਨ 1970 ਦੀ ਇਕ ਰੌਚਕ ਗੱਲ ਦੱਸਦੇ ਹਨ। ਦਿੱਲੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਤੇ ਵੱਖ-ਵੱਖ ਜੱਥਿਆਂ ਨੇ ਕੀਰਤਨ ਕੀਤਾ। ਅਖੀਰ ਵਿਚ ਭਾਈ ਸਾਹਿਬ ਜੀ ਨੇ ਕੀਰਤਨ ਸ਼ੁਰੂ ਕੀਤਾ। ਜਦ ਭਾਈ ਸਾਹਿਬ ਮੰਗਲਾਚਰਣ ਕਰ ਰਹੇ ਸਨ ਤਾਂ ਭਾਈ ਅਵਤਾਰ ਸਿੰਘ ਕੁਝ ਮਿੰਟਾਂ ਲਈ ਉੱਠਕੇ ਬਾਹਰ ਗਏ। ਇਕ ਮੁਸਲਮਾਨ ਜੋ ਪੰਡਾਲ ਤੋਂ ਬਾਹਰ ਕੀਰਤਨ ਸੁਣ ਰਿਹਾ ਸੀ ਨੇ ਪੁੱਛਿਆ ਕਿ ਇਹ ਕੌਣ ਗਾ ਰਹੇ ਹਨ। ਭਾਈ ਸਾਹਿਬ ਜੀ ਦਾ ਨਾਂ ਦੱਸਣ ਤੇ ਉਸ ਪੁੱਛਿਆ ਕਿ ਇਨ੍ਹਾਂ ਦੀ ਉਮਰ ਕਿੰਨੀ ਕੁ ਹੈ? ਦੱਸਿਆ ਕਿ ਇਨ੍ਹਾਂ ਦੀ ਉਮਰ ਲਗਭਗ 70 ਸਾਲ ਹੈ। ਉਸ ਸਮੇਂ ਭਾਈ ਸਾਹਿਬ ਭਗਤ ਵਛਲ ਲਫਜ਼ਾਂ ਨੂੰ ਆਪਣੇ ਅੰਦਾਜ਼ ਵਿਚ ਗਾ ਰਹੇ ਸਨ। ਉਹ ਮੁਸਲਮਾਨ ਵਜਦ ਵਿਚ ਆ ਕੇ ਆਖਣ ਲੱਗ ਪਿਆ, "ਯਿਹ ਤੋਂ ਅਲਾਹ ਕੀ ਆਵਾਜ਼ ਹੈ, ਯਿਹ ਤੋਂ ਅਲਾਹ ਕੀ ਆਵਾਜ਼ ਹੈ।"

ਅਖੀਰ 5 ਜਨਵਰੀ 1972 ਈ. ਨੂੰ ਹਸਪਤਾਲ ਵਿਚ ਇਸ ਸ਼ਬਦ:-

*ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥*
*ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥*

ਨੂੰ ਸੁਣਦਿਆਂ ਇਹ ਅਲਾਹ ਦੀ ਆਵਾਜ਼ ਅਲਾਹ ਦੀ ਆਵਾਜ਼ ਵਿਚ ਜਾ ਮਿਲੀ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥*

# ਸਾਡੇ ਕੀਰਤਨੀਏ 'ਸੁਰੀਲੀਆਂ ਸੁਰਾਂ ਦੇ ਮਾਲਕ : ਭਾਈ ਬਲਜੀਤ ਸਿੰਘ'

ਡਾ. ਗੁਰਮੀਤ ਸਿੰਘ ਬੈਦਵਾਣ : ਪਿੰਡ ਬਾਸੀਆਂ, ਬੈਦਵਾਣ, ਮੱਛਲੀ ਕਲਾਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ

ਭਾਈ ਬਲਜੀਤ ਸਿੰਘ ਦਾ ਜਨਮ ਸ. ਗੱਜਣ ਸਿੰਘ ਦੇ ਘਰ 18 ਮਾਰਚ 1974 ਨੂੰ ਹੋਇਆ ਆਪ ਦਾ ਪਰਿਵਾਰ ਸ਼ੁਰੂ ਤੋਂ ਹੀ ਜਬਲਪੁਰ (ਮੱਧ ਪ੍ਰਦੇਸ਼) ਵਿਖੇ ਰਹਿੰਦਾ ਸੀ। ਭਾਈ ਗੱਜਣ ਸਿੰਘ ਜੀ ਆਪਣੇ ਸਮੇਂ ਦੇ ਚੰਗੇ ਕੀਰਤਨੀਏ ਸਨ।

ਭਾਈ ਬਲਜੀਤ ਸਿੰਘ ਨੇ +2 ਦੀ ਪ੍ਰੀਖਿਆ ਕਮਰਸ ਗਰੁੱਪ ਵਿਚ ਪਾਸ ਕਰਨ ਉਪਰੰਤ ਪਿਤਾ ਜੀ ਤੋਂ ਬਕਾਇਦਾ ਤੌਰ ਤੇ ਕੀਰਤਨ ਦੀ ਸਿੱਖਿਆ ਲੈਣੀ ਆਰੰਭ ਕਰ ਦਿੱਤੀ। ਉਂਝ ਬਚਪਨ ਤੋਂ ਹੀ ਪਿਤਾ ਜੀ ਦੇ ਕੀਰਤਨ ਪ੍ਰੋਗਰਾਮਾਂ ਵਿਚ ਉਹਨਾਂ ਦੇ ਨਾਲ ਬਹਿ ਕੇ ਸੁਰਾਂ ਦਾ ਧਿਆਨ ਧਰਨ ਲੱਗ ਪਏ ਸਨ।

ਵਿਰਸੇ ਵਿਚ ਮਿਲੀ ਗੁਰਬਾਣੀ ਕੀਰਤਨ ਦੀ ਕਲਾ ਨੂੰ ਭਾਈ ਸਾਹਿਬ ਨੇ ਆਪਣੇ ਜੀਵਨ ਦਾ ਅਨਿਖੜ ਅੰਗ ਬਣਾ ਲਿਆ। ਉਹ ਆਪਣੇ ਸਤਿਕਾਰ ਯੋਗ ਪਿਤਾ ਜੀ ਸਮੇਤ ਹੋਰਨਾਂ ਉਸਤਾਦ ਕਲਾਕਾਰਾਂ ਦੇ ਬਹੁਤ ਰਿਣੀ ਹਨ ਜਿਨ੍ਹਾਂ ਨੇ ਭਾਈ ਸਾਹਿਬ ਨੂੰ ਇਲਾਹੀ ਖਜਾਨੇ ਦੀ ਪਛਾਣ ਕਰਾਈ ਹੈ। ਭਾਈ ਸਾਹਿਬ ਨੇ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਵਾਲੇ ਵਰ੍ਹੇ ਤੋਂ ਆਪਣਾ ਕੀਰਤਨੀ ਜੱਥਾ ਕਾਇਮ ਕਰ ਲਿਆ ਹੈ। ਪਿਛਲੇ ਪੰਜਾਂ ਸਾਲਾਂ ਦੌਰਾਨ ਭਾਈ ਸਾਹਿਬ ਨੇ ਜਬਲਪੁਰ, ਮੁੰਬਈ, ਨਾਗਪੁਰ, ਯਮੁਨਾ ਨਗਰ, ਰਾਏਪੁਰ ਅਤੇ ਬਿਲਾਸਪੁਰ ਵਿਖੇ ਵੱਡੇ ਕੀਰਤਨ ਦਰਬਾਰਾਂ ਵਿਚ ਆਪਣੀ ਕਲਾ ਦੇ ਜੌਹਰ ਦਿਖਾ ਕੇ ਬਹੁਤ ਨਾਮਣਾ ਖੱਟਿਆ।

ਈ.ਟੀ.ਸੀ ਪੰਜਾਬੀ ਚੈਨਲ ਤੇ ਪੇਸ਼ ਹੋਏ ਉਹਨਾਂ ਦੇ ਕੀਰਤਨ ਤੋਂ ਵਿਦੇਸ਼ੀ ਸੰਗਤਾਂ ਵੀ ਪ੍ਰਭਾਵਿਤ ਹੋਈਆਂ। ਵਿਸ਼ੇਸ਼ ਸੱਦਿਆਂ ਤੇ ਆਪ ਇੰਗਲੈਂਡ, ਸਿੰਘਾਪੁਰ, ਅਮਰੀਕਾ, ਮਲੇਸ਼ੀਆ ਤੇ ਹਾਂਗਕਾਂਗ ਵਿਖੇ ਕੀਰਤਨ ਸਮਾਗਮ ਕਰ ਚੁੱਕੇ ਹਨ। ਮਲੇਸ਼ੀਆ ਵਿਖੇ ਆਪ ਨੂੰ ਸਤਿਕਾਰ ਵਜੋਂ ਸ਼ੀਲਡ ਭੇਂਟ ਕੀਤੀ ਗਈ। ਭਾਈ ਬਲਜੀਤ ਸਿੰਘ ਜੀ ਕੀਰਤਨ ਨੂੰ ਗੁਰੂ ਨਾਨਕ ਦੇ ਘਰ ਤੋਂ ਮਿਲੀ ਅਮੋਲਕ ਦਾਤ ਮੰਨਦੇ ਹਨ।

ਭਾਈ ਬਲਜੀਤ ਸਿੰਘ ਜੀ ਅਜਿਹੇ ਯਤਨਾਂ ਵਿਚ ਲੱਗੇ ਹੋਏ ਹਨ ਕਿ ਆਪਾਂ ਗੁਰੂ ਮਹਾਰਾਜ ਤੋਂ ਚਲਾਈ ਹੋਈ ਰਾਗਾਂ ਦੀ ਪਰੰਪਰਾ ਨੂੰ ਕਾਇਮ ਰੱਖ ਸਕੀਏ। ਇਸੇ ਲਈ ਉਹ ਆਪਣੇ ਸੰਦੇਸ਼ ਵਿਚ ਕਹਿੰਦੇ ਹਨ ਕਿ ਹਰ ਕੀਰਤਨੀਏ ਨੂੰ ਗੁਰ ਮਰਯਾਦਾ ਅਨੁਸਾਰ ਰਾਗਾਂ ਵਿਚ ਵਿਧੀਵਤ ਸਿਖਲਾਈ ਲੈਣੀ ਜ਼ਰੂਰੀ ਹੈ। ਗੁਰਬਾਣੀ ਪ੍ਰਤੀ ਪ੍ਰੇਮ, ਭਰੋਸਾ ਤੇ ਵਿਸ਼ਵਾਸ਼ ਹਮੇਸ਼ਾ ਬਣਿਆ ਰਹਿਣਾ ਚਾਹੀਦਾ ਹੈ, ਉਹਨਾ ਦਾ ਇਹ ਵੀ ਕਹਿਣਾ ਹੈ ਕਿ ਕੀਰਤਨੀਏ ਦਾ ਜੀਵਨ ਸ੍ਰੇਸ਼ਟ ਤੇ ਨਿਤਨੇਮੀ ਹੋਣ ਦੇ ਨਾਲ ਨਾਲ ਗੁਰਬਾਣੀ ਦਾ ਅਧਿਐਨ ਕਰਨ ਵਾਲਾ ਵੀ ਹੋਣਾ ਚਾਹੀਦਾ ਹੈ।

*(ਪ੍ਰਸ਼ਨੋਤਰੀ- ਜੀਵਨ ਬਿਉਰਾ ਰਾਹੀਂ ਭਾਈ ਬਲਜੀਤ ਸਿੰਘ ਵਲੋਂ ਭੇਜੀ ਜਾਣਕਾਰੀ 'ਤੇ ਅਧਾਰਤ)*

# ਮਾਤਾ ਸੁਲੱਖਣੀ - ਉਦਾਸੀਆਂ ਦਾ ਬੂਹਾ

ਮਨਮੋਹਨ ਸਿੰਘ ਦਾਊਂ : 280 ਫੇਜ਼ 6, ਮੁਹਾਲੀ 160 055

ਉੱਠਾਂ -
ਦਿਨ ਚੜ੍ਹਿਆ ਹੈ
ਰਾਤ ਗੁਜ਼ਰ ਗਈ ਚੁੱਪ-ਚੁਪੀਤੇ
ਬਾਲਕ ਦੋਵੇਂ ਨੀਂਦ ਵਿਗੁੱਤੇ
ਕੀ-ਕੀ ਸੁਪਨੇ ਲੈਂਦੇ ਹੋਣੇ
ਮਾਂ ਸੁਲੱਖਣੀ
ਅੱਖਾਂ ਮਲਦੀ ਸੋਚੇ
ਝੋਨੇ ਥੀਂ ਪਈ ਅੱਖਾਂ ਪੋਚੇ।

ਦੇਖਾਂ ਖਾਂ-
ਚੜ੍ਹਦਾ ਸੂਰਜ ਹੱਸਦਾ
ਮੇਰਾ ਤਾਂ ਪਿਆ
ਦਿਲ ਹੈ ਖੱਸਦਾ।
................
ਫੇਰ ਸੁਲੱਖਣੀ
ਪੂਰਬ ਵੰਨੀ ਨੀਝ ਲਗਾ ਕੇ
ਘਰ ਦਾ ਬੂਹਾ ਖੋਲ੍ਹੇ
ਪੈੜਾਂ ਤੱਕੇ
ਤੁਰ ਗਈਆਂ ਜੋ ਲੰਮੇ ਪੈਂਡੇ
ਨਜ਼ਰ ਨਾ ਆਵਣ
ਦਿਲ ਤਰਸਾਵਣ।
ਮੇਰੇ ਸਿਰ ਦਾ ਸਾਈਂ ਤੁਰਿਆ
ਖਬਰੇ ਕਿਹੜੇ ਦੇਸ ਪਰਾਏ।

ਮੈਥੋਂ-
ਹਿੱਕੜੀ ਵਿਚੋਂ
ਹਾਕ ਨਾ ਵੱਜੇ।
ਕਦੋਂ ਮੁੜੋਗੇ?
ਇਹ ਨਾ ਪੁੱਛਿਆ
ਟੋਕਣ ਦੀ ਨਾ ਹਿੰਮਤ ਹੋਈ।
ਸਾਥੀ ਸੰਗ ਮਰਦਾਨਾ ਤੁਰਿਆ
ਜਾਂਦਿਆਂ ਦੀ ਬੱਸ
ਪਿੱਠ ਦਿਖੀ ਸੀ,
ਜਾਂ ਧੁੰਦਲਾ-ਧੁੰਦਲਾ ਸੀ ਉਜਿਆਰਾ
ਪਿੱਛੇ-ਪਿੱਛੇ ਟੁਰਦਾ ਜਾਂਦਾ।
ਰੁੱਤਾਂ, ਥਿੱਤਾਂ, ਦਿਵਸ ਮਹੀਨੇ
ਸਾਲ ਗੁਜ਼ਰ ਗਏ
ਮੁੜਨੇ ਵਾਲਾ ਅਜੇ ਨਾ ਮੁੜਿਆ
ਬਿਨ ਸੰਦੇਸ਼ੜੇ ਧੀਰ ਨਾ ਬੱਝੇ।

ਰੁੱਖ-ਬੂਟਿਆਂ ਦੇ
ਪੱਤਰ ਝੜ-ਝੜ
ਕਰੂੰਬਲਾਂ ਫੁੱਟੀਆਂ,
ਫੁੱਲ, ਫਲ ਜੰਮੇ
ਰੁੱਤ-ਬਸੰਤੀ ਮਹਿਕਾਂ ਵੰਡਦੀ ਲੰਘੀ,
ਕਣਕਾਂ ਪੱਕੀਆਂ
ਸੱਚ ਹੈ ਬਾਬਲ
ਅੰਮੀ ਜਾਈਏ
ਧੀਆਂ, ਘਰ ਕਿਸੇ ਨਾ ਰੱਖੀਆਂ
ਸੋਚਾਂ ਸੋਚ ਸੁਲੱਖਣੀ ਸੁਲਗੇ।

ਇਕ ਦਹਾਕਾ ਵੱਧ ਜੁਦਾਈ
ਢਿਲਕ ਰਹੀ ਚਰਖੇ ਦੀ ਹੱਥੀ
ਚੱਕੀ ਘੁੰਮ-ਘੁੰਮ ਕੇ ਹੈ ਥੱਕੀ
ਰਾਤੀਂ-ਦੀਵੇ ਦੀਆਂ ਬੱਤੀਆਂ
ਵੱਟ-ਵੱਟ ਮੁੱਕੀਆਂ
ਰਹਿ ਗਈਆਂ ਸੁੱਕੀਆਂ।

ਦੀਵਾ ਜਗਦਾ ਡਿਊਟ ਦੇ ਉੱਤੇ
ਦੱਸ ਭਲਾਂ?
ਕਿੰਝ ਚੰਗਾ ਲੱਗੇ।

ਮੇਰਾ ਚਾਨਣ ਘਰ ਨਾ ਆਇਆ
ਕਹੇ ਸੁਲੱਖਣੀ, ਤ੍ਰਿਪਤਾ ਮਾਂ ਨੂੰ
ਸੁੰਨੀ ਦੇਹੀ ਦਰਦ ਹੰਢਾਏ।
............................

ਪ੍ਰਥਮ ਫੇਰੀ ਕਰ ਪਿਰੁ
ਜਦ ਘਰ ਆਏ
ਨੂਰ ਨਾ ਉਸ ਦਾ ਤੱਕਿਆ ਜਾਏ,
ਨੈਣਾਂ ਵਿਚ ਹੀ ਗੁੰਮ ਹੋ ਗਈ
ਗਿਲਾ-ਸ਼ਿਕਵਾ ਕੁਝ ਕਹਿ ਨਾ ਹੋਇਆ।
ਜਦ ਬਾਲਾਂ ਨੂੰ ਸਾਹਵੇਂ ਕੀਤਾ
ਹੱਥ ਸਿਰ ਧਰ ਕੇ
ਆਦਰ ਕੀਤਾ।

ਬਚਨ ਕੀਤੇ
ਉਸ ਪਿਆਰੇ ਪਿਰੁ ਨੇ:
ਪ੍ਰਮੇਸ਼ਵਰ ਕੀਏ
'ਉਹ' ਹੈ ਸਭ ਦਾ ਪਾਲਣਹਾਰਾ
ਸਭ ਦਾ ਇਕੋ ਇਕ ਸਹਾਰਾ।
ਕਹਿ ਕੇ ਪਾਠ ਪੜ੍ਹਾਇਆ ਮੈਨੂੰ
..................................

ਦੂਜੀ ਵਾਰੀ -
ਤੁਰੇ ਜਦੋਂ ਉਹ
ਗੱਲ ਕਿਸੇ ਦੀ ਕੀ ਸੁਣਨੀ ਸੀ
ਹੋਰ ਵੀ ਲੰਮੇ ਪੈਂਡੇ ਤੁਰਿਆ, ਸਾਈਂ ਮੈਂਡਾ।
..........................................

ਇਕ ਦਿਨ -
ਉੱਠ ਸੁਲੱਖਣੀ
ਦੱਖਣ ਦਿਸ਼ਾ ਦੀ ਖਿੜਕੀ ਖੋਲ੍ਹੀ
ਰਾਤ ਚਾਨਣੀ ਠਰੀ ਠਰੀ ਸੀ
ਪੋਲੀ-ਪੋਲੀ।
ਕਿਹੜਾ ਮਾਹ ਚੇਤੇ ਵੀ ਨਾਹੀਂ
ਸਾਲਾਂ ਦੀ ਪੰਡ ਥੱਲੇ
ਸੁਹਲ ਸਲੋਨੇ ਸੁਪਨੇ ਸੁੱਤੇ
ਵਿਹੜੇ ਵਿਚ ਚਾਨਣੀ ਡੁਲ-ਡੁਲ
ਰਾਤ ਦੇ ਪਹਿਰ ਹੰਢਾਵੇ ਦੇਹੀ
ਕਿੰਝ ਕਾਇਆ ਨੂੰ ਚਾਨਣ ਛੋਹੇ
ਕਿਸ ਨੂੰ ਬਿਰਹਾ ਜਿੰਦ ਸੁਣਾਏ।
ਰਾਤੀਂ ਨੀਂਦਰ ਬਾਲ ਬਰੜਾਉਂਦੇ
ਉੱਠ ਦਿਨੇਂ ਕਈ ਝਗੜੇ ਪਾਉਂਦੇ।
ਹਿੰਡੀ ਬਚਪਨ ਨੂੰ ਸਮਝਾਵਾਂ
ਨਾਲੇ ਆਪਣਾ ਦਰਦ ਛੁਪਾਵਾਂ।
................................

ਘੜੀ ਸੁਭਾਗੀ ਆਈ ਇਕ ਦਿਨ
ਤੱਕ ਕੇ ਗਦ-ਗਦ ਹੋਈ ਸੁਲੱਖਣੀ
ਅਚਨਚੇਤ, ਘਰ ਹਰਿ ਜੀ ਆਏ।
ਲੱਥੀ, ਥੱਕ-ਥਕਾਵਟ ਸਾਰੀ
ਬਾਲਕ ਚਿਹਰੇ ਖਿੜੇ ਗੁਲਾਬੀ
ਕੁਝ ਸਮੇ ਲਈ ਆ ਕੇ, ਸਾਈਂ
ਪਤਾ ਨਹੀਂ ਕਿਉਂ
ਮੁੜ ਗਏ ਸ਼ਤਾਬੀ
...................

ਸੋਚਾਂ ਡੁੱਬੀ -
ਗਮ 'ਚ ਖੁੱਭੀ
ਚੇਤੇ ਆਵਣ ਸ਼ਬਦ ਜਿਹੇ ਕੁਝ
ਆਂਹਦੇ ਸੀ ਜੋ ਜਾਂਦੇ-ਜਾਂਦੇ।
.............................

ਮੇਰਾ ਪਿਆਰਾ ਅੰਗ ਰਖਵਾਲਾ
ਹੋਰ ਵੀ ਲੰਮੇ ਮਾਰਗ ਤੁਰ ਗਿਆ।
ਜੋਗੀਆਂ ਵਾਂਗੂ ਖਾਲਮ-ਖਾਲੀ
ਜਾਂ ਕੋਈ ਸੰਗ ਸੀ, ਵਸਤ ਨਿਰਾਲੀ।
.......................................

ਮੈਂ ਤਾਂ ਉਸ ਦੀ ਪਿੱਠ ਹੀ ਵੇਖੀ
ਜਾਂ ਨਾਲ ਟੁਰੇਂਦੀ ਸੀ ਮੱਠੀ ਮੱਠੀ ਲਾਲੀ।

ਸੋਚਾਂ -
ਭੁੱਖ ਤ੍ਰਿਹਾਇਆ ਵੀ ਉਹ ਹੋਸੀ,
ਕੌਣ ਹੈ ਉਸ ਦਾ ਸਾਥੀ ਵਾਲੀ।

ਆਖਰ -
ਹੌਕਾ ਭਰ ਕੇ, ਬੂਹਾ ਢੋਅ ਕੇ
ਲੰਮੀਆਂ ਕਰਨ ਉਡੀਕਾਂ ਲੱਗੀ।
........................

ਤੀਜੀ ਵਾਰੀ -
ਉੱਤਰ ਵੱਲ ਨੂੰ ਅੱਖਾਂ ਟੱਡੀਆਂ,
ਸੀਤਲ ਪੌਣਾਂ ਉਧਰੋਂ ਵੱਗੀਆਂ।
ਉੱਚ ਪਹਾੜੀਂ ਟੁਰ ਗਿਆ, ਮਾਹੀ

ਏਡੀ ਜੁਦਾਈ ਕੱਦ ਸੀ ਚਾਹੀ
ਖੜੀ-ਖੜੋਤੀ ਕਹੇ ਸੁਲੱਖਣੀ।
ਸਿਖਰ ਦੁਪਹਿਰਾ ਮੋਢੇ ਮੋਢੇ
ਕੰਮ ਕਰਨ ਨੂੰ ਚਿੱਤ ਨਾ ਲੱਗੇ
ਲੋਕ-ਲਾਜ ਤੋਂ ਕਿੰਝ ਕੋਈ ਭੱਜੇ।
ਕੀ ਹੋਣੀ ਤਕਦੀਰ ਨੂੰ ਆਖੇ
ਮਾਂ-ਤ੍ਰਿਪਤਾ ਵੀ ਵਿਆਕੁਲ ਜਾਪੇ
ਘਰ ਚਾਨਣ ਨੂੰ ਕਿੰਝ ਮੈਂ ਰੱਖਾਂ
ਚੌਹੀਂ ਪਾਸੀਂ ਖਿੰਡਦਾ ਜਾਂਦਾ
ਲੋਕੀ ਕਹਿੰਦੇ ਜੱਗ ਰੁਸ਼ਨਾਉਂਦਾ
ਗੱਲ ਨਾਨਕੀ ਕਹਿੰਦੀ ਸੱਚੀ
ਨੂਰ ਹੈ ਉਹ ਤਾਂ-
ਨੂਰ ਮੁੱਠੀ ਵਿਚ ਕਦ ਹੈ ਆਉਂਦਾ।
............................

ਉਧਰੋਂ -
ਮੁੜ ਜਦ ਆਏ
ਨੈਣ ਮਸਤ ਸਨ, ਭਰੇ-ਭਰਾਏ
ਪਰਮੇਸ਼ੁਰ ਕੀਏ, ਕਹਿ ਕੇ ਬੋਲੇ
ਸੁਖੀ ਵਸੇ ਪਰਿਵਾਰ ਪਿਆਰਾ
ਇਕੋ ਦਾਤਾ ਹੈ ਰਖਵਾਲਾ
- ਹੋਰ ਵੱਡਾ ਕੰਮ ਕਰਨੇ ਵਾਲਾ।
ਏਦਾਂ ਕਹਿ ਕੇ ਟੁਰ ਗਿਆ, ਪ੍ਰੀਤਮ ਪਿਆਰਾ।
.............................

ਅੰਤ -
ਥੱਕ ਹਾਰ ਕੇ
ਪੱਛਮ ਵੱਲੀਂ-ਕਰਾਂ ਉਡੀਕਾਂ
ਉਮਰਾ ਗਿਣ ਗਿਣ ਪਾਵਾਂ ਲੀਕਾਂ
ਕੀ ਵਣਜਣ ਨੂੰ ਤੁਰ ਗਏ ਸਾਈਂ
ਕਿਹੜੇ ਦੇਸ ਪ੍ਰਦੇਸ ਨਿਤਾਹੀਂ।
ਸੁੰਨੀ ਦੇਹੀ ਕੀ ਭਰਵਾਸਾ
ਦੇਵਾਂ ਰੂਹ ਨੂੰ ਕਿੰਝ ਧਰਵਾਸਾ
ਕਦੋਂ ਤਿੜਕ ਕੇ ਇਹ ਖੁਰ ਜਾਵੇ
ਕਿਸ ਨੂੰ ਆਪਣੀ ਪੀੜ ਸੁਣਾਵੇ।
ਲੱਥ ਪਈਆਂ ਫਿਰ
ਜੀਵਨ ਸ਼ਾਮਾਂ
ਪਿਰੁ ਮੁੜਿਆ ਜਦ
ਪੱਛਮ ਵੱਲੋਂ ਲੈ ਸਲਾਮਾਂ।

ਮੁੱਕੀ ਆਖਰ-
ਖੜਾਮ ਉਦਾਸੀ
ਪਰ ਨਾਲ ਨਹੀਂ ਸੀ
ਮਰਦਾਨਾ ਸਾਥੀ।

ਚਿਹਰਾ ਨੂਰੋ ਨੂਰ ਸੀ ਭਾਵੇਂ
ਸੀ ਅੰਦਰ
ਵਿਛੜੇ ਹੋਏ ਦੀ ਉਦਾਸੀ।

ਮੋਢੇ ਟੰਗੀ ਰਬਾਬ ਚੁੱਪ ਸੀ
ਪਰ ਖਿੜੀ ਤਲਵੰਡੀ
ਵਾਂਗ ਧੁੱਪ ਸੀ।

ਖਾਮੋਸ਼ੀ ਵਿਚ
ਸ਼ਬਦ ਰੁੱਕੇ ਸਨ
ਸੁੰਨੀ ਰਬਾਬ ਦੇ
ਸੁਰ ਸੁੱਤੇ ਸਨ।

ਮੂੰਹੋਂ ਕੁਝ ਵੀ
ਬੋਲ ਨਾ ਹੋਇਆ
ਆਪਣਾ ਆਪਾ
ਫੋਲ ਨਾ ਹੋਇਆ।
ਤਨ ਮਨ ਕਾਬੂ
ਕਰ ਹੰਢਾਇਆ
ਸ਼ੁਕਰ ਮਨਾਇਆ
ਵਰੁ ਘਰ ਆਇਆ।

ਮੁੱਕੀ ਚਿੰਤਾ-
ਅਤੇ ਉਦਾਸੀ
ਖਿੜ ਪਈ ਮੈਂਡੀ
ਜਿੰਦ ਹੁਲਾਸੀ।

ਚਰਨ ਪਰਸੇ ਤੇ
ਦਰ ਮਹਿਕਾਇਆ
ਮੇਰੇ ਪ੍ਰਭ ਨੇ
ਜੱਗ ਰੁਸ਼ਨਾਇਆ!!

# ਸਮਾਚਾਰ

## ਯਾਦਗਾਰੀ ਹੋ ਨਿਬੜਿਆ ਗੁਰਦੁਆਰਾ ਗੁਰਜੋਤ ਪ੍ਰਕਾਸ਼ ਸਾਹਿਬ ਸ਼ਿਕਾਗੋ ਦਾ ਗੁਰਮਤਿ ਕੈਂਪ

(ਸ਼ਿਕਾਗੋ) ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸਾਹਿਬ ਸ਼ਿਕਾਗੋ ਵਿਖੇ ਹਰ ਸਾਲ ਦੀ ਤਰ੍ਹਾਂ ਸਿੱਖ ਬੱਚੇ ਬੱਚੀਆਂ ਦਾ ਲਗਾਇਆ ਜਾ ਰਿਹਾ ਗੁਰਮਤਿ ਟ੍ਰੇਨਿੰਗ ਕੈਂਪ ਇਸ ਸਾਲ 27 ਜੂਨ 2004 ਤੋਂ 4 ਜੁਲਾਈ 2004 ਤੱਕ ਲਗਾਤਾਰ ਅੱਠ ਦਿਨ ਸੰਤ ਬਾਬਾ ਦਲਜੀਤ ਸਿੰਘ ਜੀ ਸ਼ਿਕਾਗੋਵਾਲਿਆਂ ਦੇ ਸਯੋਗ ਪ੍ਰਬੰਧ ਅਧੀਨ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰਕੇ ਕੀਤਾ ਗਿਆ। ਕੈਂਪ ਸਬੰਧੀ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਤ ਜਤਿੰਦਰਪਾਲ ਸਿੰਘ ਜੀ ਸੇਵਾ ਪੰਥੀ ਦਿੱਲੀ ਵਾਲਿਆਂ ਅਤੇ ਲੁਧਿਆਣੇ ਤੋਂ ਬੀਬੀ ਬਲਵੀਰ ਕੌਰ ਖਾਲਸਾ (ਸੁਪਤਨੀ ਸਵ. ਸ. ਬਸੰਤ ਸਿੰਘ ਜੀ ਖਾਲਸਾ) ਨੇ ਬੱਚੇ ਬੱਚੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਆਪਣੇ ਧਰਮ, ਵਿਰਸੇ, ਸਭਿਆਚਾਰ ਅਤੇ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਜੁੜਨ ਦੀ ਪ੍ਰੇਰਨਾ ਦਿੱਤੀ। ਗੁਰਮਤਿ ਕੈਂਪ ਵਿਚ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਅਤੇ ਕਨੇਡਾ ਤੋਂ ਪਹੁੰਚੇ ਬੱਚੇ ਬੱਚੀਆਂ ਨੇ ਲਗਾਤਾਰ ਅੱਠ ਦਿਨ ਵੱਖ ਵੱਖ ਵਿਸ਼ਿਆਂ 'ਤੇ ਸਿੱਖਿਆ ਗ੍ਰਹਿਣ ਕੀਤੀ। ਗੁਰਮਤਿ ਕੈਂਪ ਵਿਚ ਬੱਚਿਆਂ ਨੂੰ ਵੱਖ ਵੱਖ ਵਿਸ਼ਿਆਂ ਸਬੰਧੀ ਵੱਖ ਵੱਖ ਅਧਿਆਪਕਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਨਾਮ ਸਿਮਰਨ ਅਤੇ ਸਿੱਖ ਫਿਲਾਸਫੀ ਅਤੇ ਸਿੱਖ ਇਤਿਹਾਸ ਸਬੰਧੀ ਸੰਤ ਜਤਿੰਦਰਪਾਲ ਸਿੰਘ ਜੀ, ਗੁਰਬਾਣੀ ਕੀਰਤਨ ਸਬੰਧੀ ਭਾਈ ਸਤਨਾਮ ਸਿੰਘ ਜੀ ਰਾਗੀ, ਅਨੁਸ਼ਾਸਨ, ਪ੍ਰੀਵਾਰਕ ਅਤੇ ਸਮਾਜਿਕ ਕਦਰਾਂ ਕੀਮਤਾਂ ਸਬੰਧੀ ਸ੍ਰੀ ਮਤੀ ਜਸਵਿੰਦਰ ਕੌਰ ਜੀ ਖਹਿਰਾ, ਸਭਿਆਚਾਰ ਅਤੇ ਮਾਤ ਭਾਸ਼ਾ ਸਬੰਧੀ ਬੀਬੀ ਬਲਵੀਰ ਕੌਰ ਜੀ ਖਾਲਸਾ ਅਤੇ ਸ਼ਾਕਾਹਾਰੀ ਭੋਜਨ, ਸਵੈ ਸੁਰੱਖਿਆ ਉਤੇ ਨਸ਼ਿਆ ਤੋਂ ਬਚਾਅ ਸਬੰਧੀ ਡਾ. ਜਸਵਿੰਦਰ ਸਿੰਘ ਜੀ ਚਾਵਲਾ ਨੇ ਬੱਚਿਆਂ ਨੂੰ ਲਗਾਤਾਰ ਅੱਠ ਦਿਨ ਖੋਜ ਭਰਭੂਰ ਲੈਕਚਰ ਦਿੱਤੇ, ਕੈਂਪ ਵਿਚ ਸ਼ਾਮਲ ਹਰ ਬੱਚੇ ਲਈ ਜ਼ਰੂਰੀ ਸੀ ਉਹ ਕੈਂਪ ਦੌਰਾਨ ਅੱਠ ਦਿਨ ਵਿਚ ਘੱਟੋ ਘੱਟ ਗੁਰਬਾਣੀ ਇਕ ਸ਼ਬਦ ਦਾ ਕੀਰਤਨ ਸਿੱਖ ਕੇ ਘਰ ਵਾਪਸ ਪਰਤੇ ਤਾਂ ਜੋ ਉਸ ਨੂੰ ਸ਼ਬਦ ਕੀਰਤਨ ਦੀ ਜਾਗ ਲੱਗ ਸਕੇ। ਬੱਚਿਆਂ ਨੂੰ ਜਿਸ ਵੀ ਵਿਸ਼ੇ ਬਾਰੇ ਪੜ੍ਹਾਇਆ ਜਾਂਦਾ ਹਰ ਰੋਜ ਸ਼ਾਮ ਨੂੰ ਸੰਤ ਜਤਿੰਦਰਪਾਲ ਸਿੰਘ ਜੀ ਵਲੋਂ ਉਸ ਦਾ ਟੈਸਟ ਲਿਆ ਜਾਂਦਾ। ਯੋਗ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ ਜਾਂਦੀ। ਸੰਤ ਬਾਬਾ ਦਲਜੀਤ ਸਿੰਘ ਜੀ ਸ਼ਿਕਾਗੋਵਾਲਿਆਂ ਨੇ ਨਾਮ ਸਿਮਰਨ ਬਾਰੇ ਖੋਜ ਭਰਭੂਰ ਲੈਕਚਰ ਦਿੱਤੇ। ਸਮੂਹ ਬੱਚੇ ਬੱਚਿਆਂ ਨੂੰ ਗੁਰਮਤਿ ਪ੍ਰੰਪਰਾ ਅਨੁਸਾਰ ਗੁਰੂ ਕੇ ਲੰਗਰ ਵਿਚ ਬਿਠਾ ਕੇ ਹੀ ਪ੍ਰਸ਼ਾਦਾ ਛਕਾਇਆ ਜਾਂਦਾ ਸੀ। ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਵੇਦਾਂਤੀ, ਸਿੰਘ ਸਾਹਿਬ ਗਿ. ਤਰਲੋਚਨ ਸਿੰਘ ਜੀ ਜੱਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਹੈੱਡ ਗ੍ਰੰਥੀ ਗਿ. ਰਣਜੀਤ ਸਿੰਘ ਸਿੰਘ ਜੀ ਬੱਚਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਮਾਤ ਭਾਸ਼ਾ ਪੰਜਾਬੀ ਅਤੇ ਸਿੱਖ ਸਭਿਆਚਾਰ ਨਾਲ ਜੁੜਨ ਦੀ ਪ੍ਰੇਰਨਾ ਦਿੰਦਿਆਂ ਵਿਦੇਸ਼ਾਂ ਵਿਚ ਪੇਸ਼ ਆ ਰਹੀਆਂ ਚੁਣੌਤੀਆਂ ਦਾ ਜਿਕਰ ਕਰਦਿਆਂ ਉਨ੍ਹਾਂ ਨੂੰ ਗੁਰਮਤਿ ਜੁਗਤ ਨਾਲ ਗੱਲ ਕਰਨ ਦਾ ਜ਼ਿਕਰ ਕੀਤਾ। ਜਲੰਧਰ ਤੋਂ ਉਚੇਚੇ ਤੌਰ 'ਤੇ ਪਹੁੰਚੇ ਸੰਤ ਸਿਪਾਹੀ ਮਾਸਿਕ ਰਸਾਲੇ ਦੇ ਮੁੱਖ ਸੰਪਾਦਕ ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਨੇ ਵੀ ਬੱਚਿਆਂ ਨਾਲ ਕੈਂਪ ਵਿਚ ਇਕ ਦਿਨ ਗੁਜਾਰਿਆ ਅਤੇ ਸਾਰੀ ਕਾਰਗੁਜਾਰੀ ਤੇ ਬੇਹੱਦ ਤਸੱਲੀ ਜ਼ਾਹਰ ਕੀਤੀ। ਕੈਂਪ ਵਿਚ ਸ਼ਾਮਲ ਬੱਚੇ ਬੱਚੀਆਂ ਨੇ ਆਪਣੇ ਆਪਣੇ ਅਨੁਭਵ ਦਾ ਪ੍ਰਗਟਾਵਾ ਸੰਗਤਾਂ, ਅਧਿਆਪਕਾਂ ਅਤੇ ਮਾਪਿਆਂ ਨਾਲ ਸਾਂਝਾ ਕੀਤਾ ਅੱਠ ਦਿਨ ਚੱਲੇ ਇਸ ਗੁਰਮਤਿ ਕੈਂਪ ਦੀ ਸਮਾਪਤੀ ਸਮੇਂ 4 ਜੁਲਾਈ ਐਤਵਾਰ ਨੂੰ ਭਾਰੀ ਗਿਣਤੀ ਵਿਚ ਵੱਖ ਵੱਖ ਸ਼ਹਿਰਾਂ ਤੋਂ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਹੁਮ ਹੁਮਾ ਕੇ ਪਹੁੰਚੀਆਂ। ਬੱਚਿਆਂ ਦੇ ਮਾਪਿਆਂ ਨੇ ਕੈਂਪ ਦੇ ਪ੍ਰਬੰਧਕਾਂ ਅਤੇ ਸੰਤ ਬਾਬਾ ਦਲਜੀਤ ਸਿੰਘ ਜੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਹੋ ਜਿਹੇ ਉਸਾਰੂ ਪ੍ਰੋਗ੍ਰਾਮਾਂ ਨਾਲ ਸਿੱਖ ਬੱਚੇ ਬੱਚੀਆਂ ਦੀ ਆਪਣੇ ਸਭਿਆਚਾਰ, ਭਾਸ਼ਾ ਅਤੇ ਕੌਮੀ ਇਤਿਹਾਸ ਨਾਲ ਗੂੜ੍ਹੀ ਸਾਂਝ ਬਣਦੀ ਹੈ ਉਨ੍ਹਾਂ ਬਾਬਾ ਜੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ।

# FLOW AND PAUSE IN GURBANI & KIRTAN

Amardeep Singh : # 01-04, Kentish Green, 20 Oxford Road, Singapore 218 815

It is important to understand a few terminologies before we proceed further.

***Rahau:*** While reading through a *Shabad* in Guru Granth Sahib, we find that one line has a word *Rahau* written at the end. Except for Rag Majh, we find the mention of *Rahau* in nearly all the other *Bani*. Depending on the type of *Shabad* (*Chaupada* - 4 liner, *Ashtpadi* - 8 liner, etc.) it has that many defined lines. Somewhere in the middle, or in the beginning of the *Shabad* one line has the word *Rahau* mentioned, with the numeral 1.

The word *rahau* means "wait", "pause" in Punjabi *"Therau"*. Gurus have clearly indicated that while reading the *Shabad* , take a "pause" on the line. Why Pause? Because the line with *Rahau* has the central theme of the *Shabad*. This is the line in which Guru is conveying the topic discussed in the *Shabad* and it contains the *Gurmat Vichar*, the "Right Thought". Therefore we are required to pause on this line and contemplate the message. The other lines in the *Shabad* are used to explain/extrapolate the contents of the Central Theme given in the line of *Rahau*. These other lines (the non-*Rahau* lines) talk about prevalent practices, arguments, reasoning, intention, etc. and are used for strengthening/ explaining the Central Theme.

The point to note is that the numbering of lines is meaningful; the numbering conveys a definitive message. The message here is: Wait/Pause and contemplate on the massage. In this line the Guru is telling us the theme of the *Shabad*. The number 1 of *Rahau* indicates read this line carefully. Now read the other (non *Rahau* line) one, and correlate it to the massage in *Rahau*. Now proceed to other (Non-*Rahau)* line thereby keep proceeding with all the other lines in a sequential manner.

At times, if rarely, we find more than one *Rahau* in a *Shabad*. All the *Rahaus* in the *Shabad* (usually 2,3 or 4) convey the same central theme, reflect on truth Gurus thought it appropriate to explain the same central theme in different combination of words and therefore gave more than one *Rahau*.

***Asthai:*** In *Keertan (*or any music*)* we find one line keeps getting repeated time and again. This common line, which is repeated each time after a different line, is known as Asthai in Indian Classical Music, or Chorus in the Western Music.

***Antra:*** In *Keertan* (or any music) after singing the *Asthai* (the repetitive line) a different line is sung, and upon its completion the *Asthai* is sung again and then a second different line is sung,

followed by *Asthai.* This changing line is known as *Antra* in Indian Classical Music.

The purpose of *Keertan* is to deliver the Guru's message sweetly to the listeners. As *Rahau* has the central theme of the *Shabad* and contains the spiritual message, its usage, as an *Asthai* is repeated time and again after every *Antra,* which helps in the message getting drilled into the listener's mind. The result is that the Guru's message gets delivered many times while the *Shabad* is being sung. This increases the probability of retention of the central theme (*Gurmat vichar*) by the listener's mind.

Let me take a very popular *Shabad* from Sri Raag, Page 44, which is sung by *Raag's* during a happy occasion in the family. Most of the Sikhs will remember the *shabad* by its popularly known line:

***Lakh khushiya patshahtya***
***Jey satgur nadar karey......***

It's commonly found that *Raagi's* make the above line as the *Asthai* while singing the *Shabad* because of the word *khushiya* (Happiness). This line is the second *non-Rahau* line in the *Shabad* and gets commonly used as the *Asthai* while singing.

The English translation of the Shabad is:

***Sri Raag, Mehla V:*** All happiness is achieved only by Thy Grace. The precious gift this human life becomes fruitful when one chants the True Word. One who has such destiny written on his forehead enters the Mansion of the Lord's Presence through the Guru.ll 1 ll O my mind, focus your consciousness on the One. Without the One, all involvements are worthless; emotional attachment to a mirage is verily false. ll 1 ll Pause ll Hundreds of thousands of princely pleasures are yours to enjoy if the True Guru bestows His Glance of Grace. If He bestows the Name of the Lord, even for a moment, my mind and body are soothed. Those who have such preordained destiny hold tight to the Feet of the True Guru. ll 2 ll Blessed is that moment, and fruitful is that time, when one is in love with the True Lord. Suffering and sorrow do not touch those who have the Support of the Name of the Lord. Grasping him by the arm, the Guru lifts them up and out, and carries them across to the other side. ll 3 ll Embellished and immaculate is that place where Saints gather together. He alone finds shelter who has met the Perfect Guru. Nanak builds his house upon that site where there is no death, no birth, and no old age. ll 4 ll 6 ll 76 ll

If we were to sing this *Shabad* in proper *Keertan* singing style by making *Rahau (Mere man eikas sio chit laaye/ eikas bin sabh dhund hai/sabh mithtya moh maye)* as *Asthai* for repetition, then upon reaching second *Antra*, the message that will get repetitively get delivered to the mind will be that we need to first make an effort to get our mind to focus on One God, give up

attachment to *Maya* and emotional entanglements. If we succeed in achieving this state of mind, then (as stated in the second Non-*Rahau* line) thousands of Pleasures will be attained (only if) if His Grace falls upon us.

Note that the condition (*Rahau* line to be used as *Asthai*) is that we make the effort to rid our mind of attachment/ *Maya*, then the result (Non-*Rahau* line to be used as *Antra)* is - if *Satguru* deems it worth then he provides hundreds of pleasures to the devotee.

Unfortunately, this *Shabad* is commonly sung by *Raagis* by making the non-*Rahau* line No.2 as the *Asthai* (*Lakh khushiya patshahiya jey satgur nadar karey....*), which gets repeated many a times during the *Shabad* singing. Now see the change in deliverability of the message to our mind. We are seeking from our Guru thousands of pleasures, by His Grace and, upon getting them, we will then strive towards ridding our mind of attachment/Maya! Note that by using the non-*Rahau* line as *Asthai*, the condition has changed to: if Satguru deems it worth, then He provides hundreds of pleasures to us and the result (*Rahau* line being used as *Antra*) is that we will make the effort to rid our mind of attachment/*Maya!*

By using the non-*Rahau* line in this *Shabad* as *Asthai*, our mind is subconsciously being told to live on hope, rather than make the effort, which is the reverse of what the Guru is telling us in this *Shabad,* viz.- Devotee first maker the effort and then hope should arise for his Grace.

Interesting, isn't it? We tend to ignore the finer details of Gurus message, which is so clear. Probably that's the reason why Sikhs of today lack the spirit/spiritual discipline for which our forefathers were known. I hope people will start making an effort of getting the Sikhs in their immediate contact to understand the importance of *Rahau* in *Keertan* singing, and strive towards singing *Keertan* in the correct manner.

Those who are active in Guradwara Management/teaching Keertan should make it a point to teach to the youth only those *Shabads* in which *Rahau* is made the *Asthai*. For a teacher to correct what he has already learned in so many years is a tough proposition, but he can definitely make an effort to select those *Shabads* from his *Keertan* bank for teaching the youth/children, in which the *Rahau* is made the *Asthai*. In this way, we may be able to slowly steer in the direction of true deliverance.

## ਸੁਰ ਲਿਪੀਆਂ

ਭਾਈ ਕਸ਼ਮੀਰ ਸਿੰਘ : 1612, ਫੇਜ਼ 7, ਮੁਹਾਲੀ

*ਰਾਗ ਮਲਾਰ*

**ਵਾਦੀ:** ਮ, **ਸੰਵਾਦੀ:** ਸ, **ਅਵਰੋਹ** ਵਿਚ 'ਧ' ਵਰਜਿਤ **ਥਾਟ:** ਕਾਫੀ **ਜਾਤੀ:** ਸੰਪੂਰਣ-ਸ਼ਾੜਵ 'ਗੁ' ਕੋਮਲ, ਦੋਵੇਂ ਨਿਸ਼ਾਦ **ਸਮਾਂ:** ਅੱਧੀ ਰਾਤ ਜਾਂ ਵਰਖਾ ਰੁੱਤ।

**ਆਰੋਹ:** ਸ ਮ, ਰੇ-ਪ, ਨ਼ੀ-ਧ ਨੀ ਸਂ। **ਅਵਰੋਹ:** ਸਂ ਨ਼ੀ ਪ, ਮ ਪ, ਗੁ ਮ ਰੇ ਸ।

**ਪਕੜ:** ਰੇ ਪ, ਗੁ ਗ਼ੁ ਮ਼ ਰ਼ੇ ਸ, ਨ਼ੀ ਨ਼ੀ - ਧ਼ ਨ਼ੀ ਸ।

**ਰਾਗੁ ਮਲਾਰ, ਤਿੰਨਤਾਲ ਮਧ ਲਯ**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | | | | ਨ਼ੀ | ਧ | ਨੀ | ਮ | ਪ |
| | | | | | | | | | | | ਬੋ | ਲਿ | ਆ | ऽ | ਬਾ |
| ਸਂ | – | – | – | – | – | – | ਨ਼ੀਪ | ਗੁ | – | – | ਗੁ | ਮ | ਰੇ | – | ਸ |
| ਬੀ | ऽ | ऽ | ऽ | ऽ | ऽ | ऽ | ऽऽ | ਹਾ | ऽ | ऽ | ਅੰ | ऽ | ਮ੍ਰਿ | ऽ | ਤ |
| ਰੇ | – | – | – | ਸ | – | – | – | ਨ਼ੀ | ਸ | – | ਸ | ਸ | ਧ | – | ਧ |
| ਵੇ | ऽ | ऽ | ऽ | ਲੈ | ऽ | ऽ | ऽ | ऽ | ऽ | ऽ | ਅੰ | ऽ | ਮ੍ਰਿ | ऽ | ਤ |
| ਨ਼ੀ | – | ਪ | – | ਮਪ | ਧਨ਼ੀ | ਸਰੇਂ | ਸਂਨ਼ੀ | ਸਂ | ਨੀ | ਸਂ | | | | | |
| ਵੇ | ऽ | ऽ | ऽ | ਲੈऽ | ऽऽ | ऽऽ | ऽऽ | ऽ | ऽ | ऽ | | | | | |
| **ਅੰਤਰਾ** | | | | | | | | | | | | | | | |
| | | | | | | | | ਮ | ਮ | ਪ | ਪ | ਨ਼ੀ | ਧ | ਨੀ | ਨੀ |
| | | | | | | | | ਬਾ | ਬੀ | ऽ | ਹਾ | ਅੰ | ऽ | ਮ੍ਰਿ | ਤ |
| ਸਂ | – | ਸਂ | ਸਂ | ਰੇਂ | ਨੀ | ਸਂ | – | ਨ਼ੀ | – | ਧ | ਧ | ਨੀ | ਨੀ | ਸਂ | ਸਂ |
| ਵੇ | ऽ | ਲੈ | ਬੋ | ऽ | ਲਿ | ਆ | ऽ | ਤਾ | ऽ | ਦ | ਰਿ | ਸੁ | ਣੀ | ऽ | ਪੁ |
| ਸਂ | ਰੇਂ | ਨੀ | ਸਂ | ਧ | ਨ਼ੀ | ਪ | ਪ | ਰੇ | – | ਪ | ਪ | ਨ਼ੀ | ਧ | ਨ਼ੀ | ਪ |
| ਕਾ | ऽ | ऽ | ऽ | ਰ | ऽ | ऽ | ऽ | ਮੇ | ऽ | ਘੈ | ऽ | ਨੋ | ऽ | ऽ | ऽ |
| ਰੇ | ऽ | ਰੇ | ਪ | - | ਪ | ਨ਼ੀ | ਧ | ਨੀ | ਸਂ | ਸਂ | - | ਗੁਂ | ਮਂ | ਰੇਂ | ਸਂ |
| ਛੁ | ऽ | ਰ | ਮਾ | ऽ | ਨੁ | ਹੋ | ऽ | ऽ | ऽ | ਆ | ऽ | ਵ | ਰ | ਸ | ਹੁ |
| ਨੀ | ਸਂ | ਨ਼ੀ | ਪ | ਮਪ | ਧਨ਼ੀ | ਸਂਰੇਂ | ਸਂਨ਼ੀ | ਸਂ | ਨੀ | ਸਂ | | | | | |
| ਕਿ | ਰ | ਪਾ | ऽ | ਧਾऽ | ऽऽ | ऽऽ | ऽऽ | ਰਿ | ऽ | ऽ | | | | | |
| x | | | | 2 | | | | 0 | | | | 3 | | | |

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | ਪ | ਪ |
| | | | | | | | | | | | | ਮੋ | ਕਉ |
| ਗੁ | ਮੁ | –ਰੇ | ਸ | – | – | ਸ | ਨ਼ੀ | ਧ਼ | –ਨ਼ੀ | ਸ | – | – | ਸ |
| ਤੂੰ | ਨ | ऽਬਿ | ਸਾ | ऽ | ऽ | ਰਿ | ਤੂ | ਨਾ | ऽਬਿ | ਸਾ | ऽ | ऽ | ਰਿ |
| ਮ | ਰੇ | –ਰੇ | ਪ | – | ਮਪ | ਨ਼ੀ | ਗੁ | ਮ | ਰੇਰੇ | ਸ | – | | |
| ਤੂ | ਨ | ऽਬਿ | ਸਾ | ऽ | ਰੇ | ऽ | ਰਾ | ऽ | ਮਈ | ਆ | ऽ | | |
| **ਅੰਤਰਾ** | | | | | | | | | | | | | |
| ਮ | ਮ | - | ਨ਼ੀਧ, | - | ਨੀ | - | ਸਂ | ਸਂ | ਸਂ | ਰੇਂਨ਼ੀ | ਸਂ | ਸਂ | - |
| ਆ | ਲਾ | ऽ | ਵੰ | ऽ | ਤੀ | ऽ | ਇਹੁ | ਭ੍ਰ | ਮੁ | ਜੋऽ | ऽ | ਹੈ | ऽ |
| ਨ਼ੀ | ਧ | – | ਨੀ | ਨੀ | ਸਂ | ਸਂ | ਸਂਰੇਂ | ਨੀਸਂ | ਧਨ਼ੀ | ਪਧ | ਪ | – | – |
| ਮੁ | ਝ | ਊ | ਪ | ਰਿ | ਸ | ਭ | ਕੋ | ऽ | ऽਪਿ | ਲਾ | ऽ | ऽ | ऽ |
| ਗੁਂ | ਗੁਂ | ਗੁਂ | ਮਂ | ਮਂ | ਰੇਂ | ਸਂ | ਨ਼ੀ | ਧ | ਨੀ | ਨੀ | – | ਸਂ | ਸਂ |
| ਸੂ | ਦੂ | ਸੂ | ऽ | ਦੂ | ਕ | ਰਿ | ਮਾ | ਰਿ | ਉ | ਠਾ | ऽ | ਇ | ਓ |
| ਸਂ | ਨ਼ੀ | –ਪ਼ | ਗੁ | ਗੁ | ਮ | ਰੇ | ਰੇ | – | ਰੇ | ਸ | – | | |
| ਕ | ਹਾ | ਕ | ਰ | ਉ | ਬਾ | ਪ | ਬੀ | ऽ | ਠ | ਲਾ | ऽ | | |
| 0 | | | 1 | | 2 | | 0 | | | 1 | | 2 | |

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਸਲੋਕ ਮਹਲਾ ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
|---|---|---|
| ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ | The pied-cuckoo chirps in the ambrosial hour of morning and then is his prayer heard in God's Court. | ਚਾਤ੍ਰਿਕ ਸਵੇਰ ਸਾਰ ਅੰਮ੍ਰਿਤ ਵੇਲੇ ਚਹਿਕਦਾ ਹੈ ਅਤੇ ਤਦ ਉਸ ਦੀ ਵਾਹਿਗੁਰੂ ਦੀ ਦਰਗਾਹ ਅੰਦਰ ਬੇਨਤੀ ਸੁਣੀ ਜਾਂਦੀ ਹੈ। |
| ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥ | The Lord issues an order to the cloud to kindly pour forth. | ਪ੍ਰਭੂ ਬੱਦਲ ਨੂੰ ਮਿਹਰਬਾਨੀ ਕਰਕੇ ਵਰ੍ਹਣ ਦਾ ਹੁਕਮ ਜਾਰੀ ਕਰਦਾ ਹੈ। |
| ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥ | I am a sarcifice unto them, who keep the True Lord clasped to their heart. | ਮੈਂ ਉਨ੍ਹਾਂ ਉਤੋਂ ਘੋਲੀ ਵੰਞਦਾ ਹਾਂ ਜੋ ਸਚੇ ਸੁਆਮੀ ਨੂੰ ਆਪਣੇ ਦਿਲ ਨਾਲ ਲਾਈ ਰਖਦੇ ਹਨ। |

| | | |
|---|---|---|
| ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥ | Everyone blossoms, O Nanak, by reflecting over the Lord's Name and the Guru's word. | ਪ੍ਰਭੂ ਦੇ ਨਾਮ ਅਤੇ ਗੁਰਾਂ ਦੀ ਬਾਣੀ ਦਾ ਧਿਆਨ ਧਰਨ ਦੁਆਰਾ, ਹੇ ਨਾਨਕ! ਹਰ ਕੋਈ ਪ੍ਰਫੁੱਲਤ ਹੋ ਜਾਂਦਾ ਹੈ। |
| --- | --- | --- |
| ਮਲਾਰ | **Malar** | ਮਲਾਰ |
| ਮੋਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥੧॥ | Forget Thou me not, forget Thou me not. Forget Thou me not, O my Prevading God. | ਤੂੰ ਮੈਨੂੰ ਨਾ ਭੁਲਾ, ਤੂੰ ਮੈਨੂੰ ਨਾ ਭੁਲਾ! ਤੂੰ ਮੈਨੂੰ ਨਾ ਭੁਲਾ, ਮੇਰੇ ਹੇ ਵਿਆਪਕ ਵਾਹਿਗੁਰੂ! |
| ਰਹਾਉ ॥ | Pause. | ਠਹਿਰਾਉ। |
| ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥ | The temple-priests have this doubt, that every one is furious at me. | ਮੰਦਰ ਦੇ ਪੁਜਾਰੀਆਂ ਨੂੰ ਇਹ ਸੰਦੇਹ ਹੈ, ਕਿ ਹਰ ਕੋਈ ਮੇਰੇ ਉਤੇ ਲੋਹਾ ਲਾਖਾ ਹੈ। |
| ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥ | Calling me a menial, a menial, they beat me and turned me out. What should I do now O my Beloved Father? | 'ਕਮੀਣ', 'ਕਮੀਣ' ਆਖ ਉਨ੍ਹਾਂ ਨੇ ਮਾਰ ਕੁਟ ਕੇ ਮੈਨੂੰ ਬਾਹਰ ਕੱਢ ਦਿੱਤਾ। ਮੈਂ ਹੁਣ ਕੀ ਕਰਾਂ, ਹੇ ਮੇਰੇ ਪਿਆਰੇ ਪਿਤਾ! |
| ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥ | If Thou shalt emancipate me after death, no one shall be aware of this emancipation. | ਜੇਕਰ ਤੂੰ ਮੇਰੇ ਮਰੇ ਹੋਏ ਦੀ ਕਲਿਆਣ ਕਰੇਂਗਾ, ਕਿਸੇ ਨੂੰ ਭੀ ਇਸ ਕਲਿਆਣ ਦਾ ਪਤਾ ਨਹੀਂ ਲਗਣਾ। |
| ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛਉਂਡੀ ਹੋਇਲਾ ॥੨॥ | These Brahman call me low-born, this-wise Thy honour, O Lord, shall be stigmatised. | ਇਹ ਬ੍ਰਾਹਮਣ ਮੈਨੂੰ ਨੀਚ-ਘਰਾਣੇ ਦਾ ਆਖਦੇ ਹਨ, ਇਸ ਤਰ੍ਹਾਂ ਨੂੰ ਹੇ ਸਾਂਈਂ! ਤੇਰੀ ਇੱਜਤ ਨੂੰ ਦਾਗ ਲੱਗੇਗਾ। |
| ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ ਭੁਜ ਭਇਓ ਅਪਾਰਲਾ ॥ | Thou art called merciful and compassionate and exceedingly unrivalled is Thy arm. | ਤੂੰ ਦਇਆਵਾਨ ਅਤੇ ਮਿਹਰਵਾਨ ਆਖਿਆ ਜਾਂਦਾ ਹੈ ਅਤੇ ਪਰਮ ਲਾਸਾਨੀ ਹੈ ਤੇਰੀ ਬਾਂਹ। |
| ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥੩॥੨॥ | The Lord turned round the front of the temple towards Nama and its back towards the Brahmans. | ਸੁਆਮੀ ਨੇ ਮੋੜ ਕੇ ਮੰਦਰ ਦਾ ਮੂਹਰਲਾ ਪਾਸਾ ਨਾਮੇ ਵਲ ਕਰ ਦਿੱਤਾ ਅਤੇ ਪਿਛਲਾ ਪਾਸਾ ਬ੍ਰਾਹਮਣਾਂ ਵੱਲ। |

# ਸੁਰ ਲਿਪੀਆਂ

ਪ੍ਰੋ. ਹਰਮਿੰਦਰ ਕੌਰ : ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫੌਰ ਵਿਮੇਨ, ਲੁਧਿਆਣਾ

ਰਾਗੁ ਮਲਾਰ, ਇਕਤਾਲ 12 ਮਾਤਰਾ ਵਿਚ ਨਿਬੱਧ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਸੰ | ਨ̲ੀ | ਧ | ਨ̲ੀਧ | ਨ̲ੀ | ਪ | ਮਗ | ਮਗ | ਮਗ | ਮ | ਰੇ | ਪ |
| *ਘਨ* | *ਗ* | *ਰ* | *ਜऽ* | *ऽ* | *ਤ* | *ਗੋऽ* | *ਬਿੰऽ* | *ਦऽ* | *ਰੂ* | *ऽ* | *ਪ* |
| ਰੇ | ਰੇ | ਰੇਮ | ਰੇ | ਸ | ਸਰੇ | ਨ਼ੀ | ਨ਼ੀ | ਨ਼ੀਧ਼ | ਨ਼ੀ | ਸ | ਸ |
| *ਗੁ* | *ਨ* | *ਗਾऽ* | *ਵ* | *ऽ* | *ਤऽ* | *ਸੁ* | *ਖ* | *ऽऽ* | *ਚੈ* | *ऽ* | *ਨ* |
| ਸ– | ਸਮ | –ਰੇ | ਪ– | ਮ– | ਪ– | ਮਪ | ਨ̲ੀਧ | ਨੀਸੰ | ਨ̲ੀਪ | ਗਮ | ਰੇਸ |
| *ਗੁऽ* | *ਨਗਾ* | *ऽऽ* | *ਵऽ* | *ਤऽ* | *ऽऽ* | *ਸੁऽ* | *ਖऽ* | *ऽऽ* | *ਚੈऽ* | *ऽऽ* | *ਨऽ* |
| **ਅੰਤਰਾ** | | | | | | | | | | | |
| ਮਪ | ਨ̲ੀਧ | ਨੀਸੰ | ਸੰ | ਸੰ | ਸੰ | ਨੀਸੰ | ਰੇਂਗੰ | ਮੰਰੇਂ | ਸੰਨ̲ੀ | ਧਨੀ | ਸੰ– |
| *ਹਰਿ* | *ऽਚ* | *ਰਨ* | *ਸ* | *ਰ* | *ਨ* | *ਤऽ* | *ਰऽ* | *ਨऽ* | *ਸਾऽ* | *ਗऽ* | *ਰऽ* |
| ਨੀਸੰ | –ਰੇਂ | –ਮੰ | ਨੀਸੰ | ਨ̲ੀ | ਪ | ਮਪ | ਨ̲ੀਧ | ਨੀਸੰ | ਨ̲ੀਪ | ਗਮ | ਰੇਸ |
| *ਧੁਨਿ* | *ऽਅ* | *ਨਹ* | *ਤਾऽ* | *ऽ* | *ਰਸ* | *ਬੈऽ* | *ऽऽ* | *ऽऽ* | *ਨऽ* | *ऽऽ* | *ਸऽ* |
| ਬਾਕੀ ਅੰਤਰੇ ਵੀ ਇਸੇ ਤਰ੍ਹਾਂ ਹਨ | | | | | | | | | | | |
| **ਬੋਲਬਾਂਟ** | | | | | | | | | | | |
| ਘਨ | ਗ | ਰ | ਜऽ | ऽ | ਤ | ਮਪ | ਨ̲ੀਧ | ਨੀਸੰ | ਨ̲ੀਪ | ਗਮ | ਰੇਸ |
| " | " | " | " | " | " | *ਗੋऽ* | *ਬਿੰऽ* | *ਦऽ* | *ਰੂऽ* | *ऽऽ* | *ਪऽ* |
| ਘਨ | ਗ | ਰ | ਜऽ | ऽ | ਤ | ਸੰਰੇਂ | ਗੰਮੰ | ਰੇਂਸੰ | ਨ̲ੀਨ̲ੀ | ਧਧ | ਨ̲ੀਸੰ |
| " | " | " | " | " | " | *ਗੋऽ* | *ਬਿੰऽ* | *ਦऽ* | *ਰੂऽ* | *ऽऽ* | *ਪऽ* |
| ਸ– | ਸਮ | –ਰੇ | ਪ– | ਮ– | ਪ– | ਮਪ | ਨ̲ੀਧ | ਨੀਸੰ | ਨ̲ੀਪ | ਗਮ | ਰੇਸ |
| *ਘऽ* | *ਨਗ* | *ऽਰ* | *ਜऽ* | *ਤऽ* | *ऽऽ* | *ਗੋऽ* | *ਬਿੰऽ* | *ਦऽ* | *ਰੂऽ* | *ऽऽ* | *ਪऽ* |
| ਮਪ | ਨ̲ੀਧ | ਨੀਸੰ | ਨ̲ੀਧ | ਗਮ | ਰੇਸ | ਮਪ | ਨ̲ੀਧ | ਨੀਸੰ | ਨ̲ੀਪ | ਗਮ | ਰੇਸ |
| *ਗੋऽ* | *ਬਿੰऽ* | *ਦऽ* | *ਰੂऽ* | *ऽऽ* | *ਪऽ* | *ਗੋऽ* | *ਬਿੰऽ* | *ਦऽ* | *ਰੂऽ* | *ऽऽ* | *ਪऽ* |
| x | | 0 | | 2 | | 0 | | 3 | | 4 | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਘਨੁ ਗਰਜਤ ਗੋਬਿੰਦ ਰੂਪ ॥
The embodiment of the Lord of the Universe roars like the thunder-cloud.

ਗੁਨ ਗਾਵਤ ਸੁਖ ਚੈਨ ॥੧॥ ਰਹਾਉ ॥
Singing His Glorious Praises brings **peace** and bliss. ||1||Pause||

ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ ॥੧॥
The Sanctuary of the Lord's Feet carries us across the world-ocean.
His Sublime Word is the unstruck celestial melody. ||1||

ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥
The thirsty traveller's consciousness the water of the soul from the pool of nectar.

ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ ॥੨॥੭॥੨੯॥
Sevant Nanak loves the Blessed Vision of the Lord; in His Mercy,
God has blessed him with it. ||2||7||29||